SUPREME AUDIT INSTITUTION OF INDIA
लोकहितार्थ सत्यनिष्ठा
Dedicated to Truth in Public Interest

सत्यमेव जयते

# ਲੇਖਿਆਂ ਦੀ ਇੱਕ ਝਲਕ

## ਸਾਲ
## 2022-23

GOVT. OF PUNJAB

ਪੰਜਾਬ ਸਰਕਾਰ



# ਲੇਖਿਆਂ ਦੀ ਇੱਕ ਝਲਕ

## ਸਾਲ 2022-23

## ਮਹਾਲੇਖਾਕਾਰ
## (ਲੇਖਾ ਅਤੇ ਹੱਕਦਾਰੀ)
## ਪੰਜਾਬ

## ਪੰਜਾਬ ਸਰਕਾਰ

# ਪ੍ਰਸਤਾਵਨਾ

ਮੈਨੂੰ ਪੰਜਾਬ ਸਰਕਾਰ ਦੇ ਲੇਖਿਆਂ ਦੀ ਇੱਕ ਝਲਕ ਦੇ ਸਲਾਨਾ ਪ੍ਰਕਾਸ਼ਨ ਦਾ ਪਚੀਵਾਂ ਅੰਕ ਪੇਸ਼ ਕਰਨ ਦੀ ਪ੍ਰਸੰਨਤਾ ਹੋ ਰਹੀ ਹੈ। ਇਸ ਪ੍ਰਕਾਸ਼ਨ ਦਾ ਮਨੋਰਥ ਮੇਰੇ ਦਫਤਰ ਵਲੋਂ ਭਾਰਤ ਦੇ ਸੰਵਿਧਾਨ ਦੀ ਧਾਰਾ 149, ਲੇਖਾ ਨਿਰੀਖਕ ਅਤੇ ਮਹਾਲੇਖਾਪਰੀਖਕ (ਡੀ ਪੀ ਸੀ) ਅਧਿਨਿਯਮ, 1971 ਦੀ ਧਾਰਾ 11 ਦੇ ਮੁਤਾਬਿਕ ਤਿਆਰ ਕੀਤੇ ਗਏ ਵਿੱਤੀ ਲੇਖਿਆਂ ਅਤੇ ਨਮਿੱਤਣ ਲੇਖਿਆਂ ਵਿੱਚ ਉਪਲਬੱਧ ਵਿਸਤ੍ਰਿਤ ਜਾਣਕਾਰੀ ਦਾ ਇੱਕ ਪਾਠਕ ਹਿਤੈਸ਼ੀ ਸਾਰ ਪੇਸ਼ ਕਰਨਾ ਹੈ।

ਰਾਜ ਦੇ ਸਲਾਨਾ ਲੇਖੇ (1) ਵਿੱਤ ਲੇਖੇ ਅਤੇ (2) ਨਮਿੱਤਣ ਲੇਖੇ ਵਿੱਚ ਵੰਡੇ ਹੁੰਦੇ ਹਨ। ਵਿੱਤ ਲੇਖੇ ਸਮੇਕਿਤ ਨਿਧੀ, ਅਚੇਤ ਨਿਧੀ ਅਤੇ ਸਾਰਵਜਨਿਕ ਲੇਖਿਆਂ ਦਾ ਸਾਰ ਹੈ। ਨਮਿੱਤਣ ਲੇਖੇ ਵਿੱਚ ਰਾਜ ਵਿਧਾਨ ਸਭਾ ਦੁਆਰਾ ਅਨੁਦਾਨ ਦੇ ਲਿਹਾਜ਼ ਵਲੋਂ ਪ੍ਰਸਤਾਵਿਤ ਖਰਚ ਦਰਜ਼ ਹੁੰਦਾ ਹੈ ਅਤੇ ਅਸਲ ਖਰਚ ਅਤੇ ਪ੍ਰਦਾਨ ਕੀਤੀ ਗਈ ਧਨਰਾਸ਼ੀ ਵਿੱਚ ਬਦਲਾਵ ਦਾ ਸਪਸ਼ਟੀਕਰਨ ਹੁੰਦਾ ਹੈ।

'ਲੇਖਿਆਂ ਦੀ ਇੱਕ ਝਲਕ' ਸਰਕਾਰੀ ਗਤੀਵਿਧੀਆਂ ਦਾ ਵਿਆਪਕ ਸੰਕੇਪ ਪੇਸ਼ ਕਰਦਾ ਹੈ ਜਿਵੇ ਕਿ ਵਿੱਤ ਲੇਖੇ ਅਤੇ ਨਮਿੱਤਣ ਲੇਖੇ ਵਿੱਚ ਦਰਸ਼ਾਇਆ ਹੁੰਦਾ ਹੈ। ਇਹ ਜਾਣਕਾਰੀ ਸੰਖੇਪ ਵਿਆਖਿਆਵਾਂ, ਵੇਰਵਾ ਪੱਤਰਾਂ, ਗ੍ਰਾਫ ਅਤੇ ਸਮਾਂ ਸੂਚੀ ਵਿਸ਼ਲੇਸ਼ਣ ਦੁਆਰਾ ਪੇਸ਼ ਕੀਤੀ ਜਾਂਦੀ ਹੈ ਜੋ ਕਿ ਹਿਤਧਾਰਕਾਂ–ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਲੇਖਿਆਂ ਦੀ ਜਾਣਕਾਰੀ ਦਿੰਦੀ ਹੈ। ਸਾਲ 2022-23 ਦੇ ਵਿੱਤ ਲੇਖੇ, ਨਮਿੱਤਣ ਲੇਖੇ, ਲੇਖਾ ਨਿਰੀਖਕ ਅਤੇ ਮਹਾਲੇਖਾਪਰੀਖਕ ਦੀ ਰਾਜ ਲੇਖਿਆਂ ਤੇ ਰਿਪੋਰਟ ਅਤੇ ਲੇਖਿਆਂ ਦੀ ਇੱਕ ਝਲਕ ਨੂੰ ਪੜਨ ਤੇ ਹਿਤਧਾਰਕਾਂ ਨੂੰ ਰਾਜ ਵਿੱਤ ਦੇ ਵੱਖਰੇ ਪਹਿਲੂਆਂ ਨੂੰ ਜ਼ਿਆਦਾ ਪਰਭਾਵੀ ਢੰਗ ਨਾਲ ਸਮਝਣ ਲਈ ਮਦਦ ਕਰਨਗੇ।

ਅਸੀਂ ਇਸ ਪ੍ਰਕਾਸ਼ਨ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਕਰਨ ਵਾਲੇ ਪਾਠਕਾਂ ਦੀ ਰਾਏ ਦੀ ਕਦਰ ਕਰਦੇ ਹਾਂ।

**ਮਿਤੀ : 13 ਅਕਤੂਬਰ 2023**
**ਚੰਡੀਗੜ੍ਹ**

**ਤੇਗ ਸਿੰਘ**
**ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ)**
**ਪੰਜਾਬ**

# ਸਾਡੀ ਦੂਰ ਦ੍ਰਿਸ਼ਟੀ, ਉਦੇਸ਼ ਅਤੇ ਬੁਨਿਆਦੀ ਮੁੱਲ

## ਦੂਰ ਦ੍ਰਿਸ਼ਟੀ

*ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂਲੇਖਾਪਰੀਖਕ ਦੀ ਸੰਸਥਾ ਦੀ ਦੂਰ-ਦ੍ਰਿਸ਼ਟੀ ਉਸ ਮਨੋਰਥ ਦਾ ਪ੍ਰਗਟਾਵਾ ਕਰਦੀ ਹੈ ਜੋ ਅਸੀਂ ਬਣਨ ਦੀ ਅਕਾਂਕਸ਼ਾਂ ਰੱਖਦੇ ਹਾਂ।*

ਅਸੀਂ ਵਿਸ਼ਵ ਵਿਆਪੀ ਆਗੂ ਅਤੇ ਸਰਕਾਰੀ ਖੇਤਰ ਦੀ ਲੇਖਾ ਪ੍ਰੀਖਿਆ ਅਤੇ ਲੇਖੇ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਉੱਤਮ ਪੱਧਤੀ ਦੇ ਮੋਢੀ ਬਣਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਸਾਡੀ ਪਛਾਣ ਸੁਤੰਤਰ, ਪ੍ਰਮਾਣਕ, ਸੰਤੁਲਿਤ, ਲੋਕ ਵਿੱਤ ਅਤੇ ਸ਼ਾਸ਼ਨ ਤੇ ਸਮੇਂ ਨਾਲ ਰਿਪੋਰਟ ਕਰਨ ਵਜੋਂ ਬਣ ਚੁੱਕੀ ਹੈ।

## ਉਦੇਸ਼

*ਸਾਡਾ ਉਦੇਸ਼ ਸਾਡੀ ਅਜ ਦੀ ਭੂਮਿਕਾ ਨੂੰ ਸਪੱਸ਼ਟ ਕਰਦਾ ਹੈ ਅਤੇ ਪ੍ਰਗਟਾਉਂਦਾ ਹੈ ਕਿ ਅੱਜ ਅਸੀਂ ਕੀ ਕਰ ਰਹੇ ਹਾਂ।*

ਭਾਰਤ ਦੇ ਸੰਵਿਧਾਨ ਵਲੋਂ ਸਪੁਰਦ ਆਦੇਸ਼ ਦੇ ਮੁਤਾਬਿਕ, ਅਸੀਂ ਉੱਚ ਗੁਣਵੱਤਾ ਦੀ ਲੇਖਾ ਪ੍ਰੀਖਿਆ ਅਤੇ ਲੇਖਿਆਂ ਰਾਹੀਂ ਜਵਾਬਦੇਈ, ਪਾਰਦਰਸ਼ਤਾ ਅਤੇ ਸੁਚਾਰੂ ਸਾਸ਼ਨ ਨੂੰ ਵਧਾਵਾ ਦਿੰਦੇ ਹਾਂ ਅਤੇ ਆਪਣੇ ਹਿਤਧਾਰਕਾਂ- ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਸੰਤਤਰ ਭਰੋਸਾ ਪ੍ਰਦਾਨ ਕਰਦੇ ਹਾਂ ਕਿ ਸਰਕਾਰੀ ਫੰਡਾਂ ਦੀ ਵਰਤੋਂ ਕੁੱਸ਼ਲਤਾ ਅਤੇ ਤਜ਼ਵੀਜ਼ਤ ਮਨੋਰਥਾਂ ਲਈ ਹੀ ਕੀਤੀ ਜਾ ਰਹੀ ਹੈ।

## ਬੁਨਿਆਦੀ ਮੁੱਲ

*ਸਾਡੇ ਬੁਨਿਆਦੀ ਮੁੱਲ ਸਾਡੇ ਸਾਰੇ ਕੰਮਾਂ ਲਈ ਮਾਰਗਦਰਸ਼ਕ ਹਨ ਅਤੇ ਸਾਡੇ ਨਿਸ਼ਪਾਦਨ ਦਾ ਆਕਲਨ ਕਰਨ ਲਈ ਮਾਣਕ ਦਿੰਦੇ ਹਨ।*

- ਸੁਤੰਤਰਤਾ
- ਵਾਸਤਵਿਕਤਾ
- ਇਮਾਨਦਾਰੀ
- ਭਰੋਸੇਯੋਗਤਾ
- ਪੇਸ਼ਾਵਰ ਸ੍ਰੇਸ਼ਟਤਾ
- ਪਾਰਦਰਸ਼ਤਾ
- ਸਕਾਰਾਤਮਕ ਦ੍ਰਿਸ਼ਟੀਕੋਣ

# ਵਿਸ਼ਾ ਸੂਚੀ

ਪੰਨਾ ਨੰ :


| | | |
|---|---|---|
| **ਅਧਿਆਇ I** | **ਓਵਰਵਿਊ** | |
| 1.1 | ਭੂਮਿਕਾ | 1 |
| 1.2 | ਸਰਕਾਰੀ ਲੇਖਿਆਂ ਦਾ ਢਾਂਚਾ | 2 |
| 1.3 | ਵਿਤ ਲੇਖੇ ਅਤੇ ਨਮਿਤਣ ਲੇਖੇ | 4 |
| 1.4 | ਫੰਡਾਂ ਦੇ ਸਰੋਤ ਅਤੇ ਵਰਤੋਂ | 6 |
| 1.5 | ਘਾਟਾ ਅਤੇ ਵਾਧਾ | 9 |
| **ਅਧਿਆਇ II** | **ਪ੍ਰਾਪਤੀਆਂ** | |
| 2.1 | ਭੂਮਿਕਾ | 12 |
| 2.2 | ਮਾਲੀਆਂ ਪ੍ਰਾਪਤੀਆਂ | 12 |
| 2.3 | ਕਰ ਆਮਦਨ | 14 |
| 2.4 | ਕਰ ਵਸੂਲੀ ਦੀ ਕਾਰਜਕੁਸ਼ਲਤਾ | 16 |
| 2.5 | ਕੇਂਦਰੀ ਕਰਾਂ/ਡਿਊਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਣ | 16 |
| 2.6 | ਅਨੁਦਾਨ ਸਹਾਇਤਾ | 17 |
| 2.7 | ਸਾਰਵਜਨਿਕ ਕਰਜੇ | 18 |
| **ਅਧਿਆਇ III** | **ਖਰਚੇ** | |
| 3.1 | ਭੂਮਿਕਾ | 20 |
| 3.2 | ਮਾਲੀਆ ਖਰਚੇ | 20 |
| 3.3 | ਪੂੰਜੀਗਤ ਖਰਚੇ | 22 |
| 3.4 | ਬਚਨਬੱਧ ਖਰਚੇ | 23 |
| **ਅਧਿਆਇ IV** | **ਨਮਿਤੱਣ ਲੇਖੇ** | |
| 4.1 | ਨਮਿਤੱਣ ਲੇਖੇ 2022-23 ਦਾ ਸਾਰ | 25 |
| 4.2 | ਪਿਛਲੇ ਪੰਜ ਸਾਲਾਂ ਦੌਰਾਨ ਬੱਚਤਾਂ/ਵਧੀਕਾਂ ਦਾ ਰੁਝਾਣ | 25 |
| 4.3 | ਮਹਤੱਵਪੂਰਨ ਬੱਚਤਾਂ | 26 |

ਪੰਨਾ ਨੰ :


| | | |
|---|---|---|
| **ਅਧਿਆਇ V** | **ਸੰਪਦਾ ਅਤੇ ਦੇਣਦਾਰੀਆਂ** | |
| 5.1 | ਸੰਪਦਾ ........ | 27 |
| 5.2 | ਕਰਜ਼ੇ ਅਤੇ ਦੇਣਦਾਰੀਆਂ ........ | 28 |
| 5.3 | ਗਰੰਟੀਆਂ ........ | 29 |
| **ਅਧਿਆਇ VI** | **ਹੋਰ ਮੱਦਾਂ** | |
| 6.1 | ਵਸਤੂ ਅਤੇ ਸੇਵਾ ਟੈਕਸ (GST) ........ | 30 |
| 6.2 | ਬਕਾਇਆ ਬਿਊਰੇਵਾਰ ਅਗੇਤੇ ਸੰਭਾਵੀ ਬਿੱਲ ........ | 30 |
| 6.3 | ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਲਈ ਬਕਾਇਆ ਵਰਤੋਂ ਸਰਟੀਫੀਕੇਟ | 31 |
| 6.4 | ਸਮੇਕਿਤ ਕਰਜ਼ ਭੁਗਤਾਨ ਫੰਡ........ | 31 |
| 6.5 | ਗਰੰਟੀ ਰਿਡੰਮਪਸ਼ਨ ਫੰਡ........ | 31 |
| 6.6 | ਵਿਭਾਗੀ ਅਫਸਰਾਂ ਕੋਲ ਨਕਦ ........ | 32 |
| 6.7 | ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀ ਦੇਣਾ........ | 32 |
| 6.8 | ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ ........ | 32 |
| 6.9 | ਲੇਖਿਆਂ ਦਾ ਮਿਲਾਨ........ | 32 |
| 6.10 | ਨੈਸ਼ਨਲ ਪੈਨਸ਼ਨ ਸਿਸਟਮ (NPS)........ | 32 |
| 6.11 | ਰਾਜ ਮੁਆਵਜਾ ਵਣਨ ਫੰਡ........ | 33 |
| 6.12 | ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੇ ਭਲਾਈ ਸੈਸ ........ | 33 |
| 6.13 | ਰਾਜ ਸਰਕਾਰ ਦੀਆਂ ਬਜਟ ਤੋਂ ਬਾਹਰ ਦੀਆਂ ਦੇਣਦਾਰੀਆਂ........ | 33 |

# ਅਧਿਆਇ I

# ਉਵਰਵਿਉ

## 1.1 ਭੂਮਿਕਾ

ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦਾ ਦਫਤਰ ਵੱਖ-ਵੱਖ ਏਜੰਸੀਆਂ ਵੱਲੋਂ ਭੇਜੇ ਗਏ ਲੇਖਿਆਂ ਦੇ ਅੰਕੜਿਆਂ ਨੂੰ ਜਾਂਚਦਾ, ਸ੍ਰੇਣੀਬੱਧ ਅਤੇ ਸੰਕਲਿਤ ਕਰਦਾ ਹੈ ਅਤੇ ਪੰਜਾਬ ਸਰਕਾਰ ਦੇ ਲੇਖੇ ਤਿਆਰ ਕਰਦਾ ਹੈ। ਇਹ ਸੰਕਲਨ ਜਿਲ੍ਹਾ ਖਜਾਨਿਆਂ, ਲੋਕ ਨਿਰਮਾਣ ਮੰਡਲਾਂ ਅਤੇ ਜੰਗਲਾਤ ਮੰਡਲਾਂ, ਹੋਰ ਰਾਜਾਂ/ਲੇਖਾ ਦਫਤਰਾਂ ਵੱਲੋਂ ਭੇਜੇ ਗਏ ਸ਼ੁਰੂਆਤੀ ਲੇਖਿਆਂ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ। ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦੇ ਦਫਤਰ ਵੱਲੋਂ ਹਰ ਮਹੀਨੇ ਇੱਕ ਮਾਹਵਾਰ ਸਿਵਲ ਲੇਖਾ ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ। ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਦਫਤਰ ਵੱਲੋਂ ਸਰਕਾਰ ਦੁਆਰਾ ਕੀਤੇ ਗਏ ਖਰਚੇ ਦੀ ਗੁਣਵੱਤਾ ਅਤੇ ਮਹੱਤਵਪੂਰਣ ਵਿੱਤੀ ਸੂਚਕਾਂ ਤੇ ਇੱਕ ਮਹੀਨਾਵਾਰ ਆਭਾ ਪ੍ਰਬੰਧਨ ਰਿਪੋਰਟ ਵੀ ਭੇਜੀ ਜਾਂਦੀ ਹੈ। ਇਸਤੋਂ ਇਲਾਵਾ ਭਾਰਤ ਦੇ ਸੰਵਿਧਾਨ ਦੀ ਧਾਰਾ 149 ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ (ਕਰਤੱਵ, ਇਖਤੀਆਰ ਅਤੇ ਸੇਵਾ ਸ਼ਰਤਾਂ) ਐਕਟ, 1971 ਦੀ ਧਾਰਾ 11 ਦੇ ਅਨੁਸਾਰ ਵਿੱਤ ਲੇਖੇ ਤੇ ਨਮਿੱਤਣ ਲੇਖੇ ਮਹਾਲੇਖਾਕਾਰ ਦੁਆਰਾ ਸਲਾਨਾ ਤਿਆਰ ਕੀਤੇ ਜਾਂਦੇ ਹਨ, ਜੋ ਕਿ ਮਹਾਲੇਖਾਕਾਰ (ਆਡਿਟ) ਪੰਜਾਬ ਵੱਲੋਂ ਆਡਿਟ ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ ਵੱਲੋਂ ਤਸਦੀਕੀ ਕਰਨ ਉਪਰੰਤ ਰਾਜ ਵਿਧਾਨ ਸਭਾ ਵਿੱਚ ਪੇਸ਼ ਕੀਤੇ ਜਾਂਦੇ ਹਨ।

## 1.2 ਸਰਕਾਰੀ ਲੇਖਿਆਂ ਦਾ ਢਾਂਚਾ

### 1.2.1 ਸਰਕਾਰੀ ਲੇਖੇ ਦੇ ਤਿੰਨ ਹਿੱਸੇ ਹੁੰਦੇ ਹਨ:

**ਸਰਕਾਰੀ ਲੇਖਿਆਂ ਦਾ ਢਾਂਚਾ**

**ਭਾਗ 1**
**ਸਮੇਕਿਤ ਫੰਡ**

ਸਰਕਾਰ ਦੁਆਰਾ ਪ੍ਰਾਪਤ ਕਰ ਅਤੇ ਗੈਰ-ਕਰ ਆਮਦਨ, ਸਾਰਵਜਨਿਕ ਕਰਜੇ, ਦਿੱਤੇ ਗਏ ਕਰਜੇ ਦੀ ਵਾਪਸੀ (ਸਮੇਤ ਵਿਆਜ) ਸਮੇਤ ਸਾਰਾ ਮਾਲੀਆ ਸਮੇਕਿਤ ਫੰਡ ਦਾ ਹਿੱਸਾ ਹਨ।

ਸਰਕਾਰੀ ਕਰਜੇ ਅਤੇ ਪੇਸ਼ਗੀਆਂ ਦੀ ਵੰਡ, ਲਿੱਤੇ ਗਏ ਕਰਜੇ ਦੀ ਅਦਾਇਗੀ (ਸਮੇਤ ਬਿਆਜ) ਸਮੇਤ ਸਾਰੇ ਖਰਚੇ ਅਤੇ ਵੰਡਾਂ ਸਮੇਕਿਤ ਫੰਡ ਤੋਂ ਕੀਤੇ ਜਾਂਦੇ ਹਨ।

**ਭਾਗ 2**
**ਸੰਕਟਕਾਲੀਨ ਫੰਡ**

ਸੰਕਟਕਾਲੀਨ ਫੰਡ ਅਗੇਤ ਖਾਤੇ ਦੇ ਸੁਭਾਵ ਦਾ ਹੈ, ਜਿਸਨੂੰ ਵਿਧਾਨ ਸਭਾ ਦੁਆਰਾ ਲੰਬਿਤ ਪ੍ਰਵਾਨਗੀ ਤੇ ਅਣਪਛਾਤੀ ਖਰਚਾ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਫੰਡ ਵਿਚੋਂ ਕੀਤੇ ਖਰਚੇ ਦੀ ਭਰਪਾਈ ਸਮੇਕਿਤ ਫੰਡ ਵਿਚੋਂ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਦਾ ਇਸ ਫੰਡ ਦਾ ਕੋਰਪਸ (Corpus) 25.00 ਕਰੋੜ ਰੁਪਏ ਹੈ।


**ਭਾਗ 3**
**ਸਰਵਜਨਿਕ ਲੇਖੇ**

ਜੰਨਤਕ ਖਾਤੇ ਵਿੱਚ ਕਰਜੇ (ਭਾਗ 1 ਵਿੱਚ ਸ਼ਾਮਲ ਲੈਣ-ਦੇਣ ਨੂੰ ਛੱਡ ਕੇ), ਜਮਾਂ ਰਕਮਾਂ, ਪੇਸ਼ਗੀ ਜਮਾਂ ਕਰਵਾਈ ਰਕਮਾਂ ਅਤੇ ਉਚੰਤ ਰਕਮਾਂ ਨਾਲ ਸਬੰਧਿਤ ਲੈਣ-ਦੇਣ ਦਰਜ ਕੀਤੇ ਜਾਂਦੇ ਹਨ।

ਇਸ ਭਾਗ ਵਿੱਚ ਕਰਜੇ, ਜਮਾਂ ਅਤੇ ਪੇਸ਼ਗੀਆਂ ਦੇ ਲੈਣ-ਦੇਣ [ਸਮੇਤ ਸਾਬਕਾ (ਕਰਜੇ ਤੇ ਜਮਾਂ ਰਕਮਾਂ) ਦਾ ਭੁਗਤਾਨ ਅਤੇ ਬਾਦ ਵਾਲੇ (ਪੇਸ਼ਗੀ ਜਮਾਂ) ਦੀ ਮੁੜ ਪ੍ਰਾਪਤੀਆਂ] ਇਸ ਤਰਾਂ ਦੇ ਹੁੰਦੇ ਹਨ, ਜਿਨ੍ਹਾਂ ਦੇ ਸਬੰਧ ਵਿੱਚ ਅਦਾਇਗੀ ਦੀ ਜੁੰਮੇਵਾਰੀ ਸਰਕਾਰ ਦੀ ਹੁੰਦੀ ਹੈ ਜਾਂ ਭੁਗਤਾਨ ਕੀਤੀ ਰਕਮਾਂ ਨੂੰ ਮੁੜ ਪ੍ਰਾਪਤ ਕਰਨ ਦਾ ਦਾਅਵਾ ਕੀਤਾ ਜਾ ਸਕਦਾ ਹੈ।

ਇਸ ਭਾਗ ਵਿੱਚ ਜਮਾਂ ਕਰਵਾਈਆਂ ਰਕਮਾਂ ਅਤੇ ਉਚੰਤ ਸਬੰਧੀ ਲੈਣ-ਦੇਣ ਇਸ ਤਰਾਂ ਦੇ ਹੁੰਦੇ ਹਨ ਜੋ ਕਿ ਆਮ ਤੌਰ ਤੇ ਸਮਾਯੋਜਿਤ ਮਦਾਂ ਹੁੰਦਿਆਂ ਹਨ ਜਿਨ੍ਹਾਂ ਅਧੀਨ ਖਜਾਨਿਆਂ ਅਤੇ ਕਰੇਂਸੀ ਚੇਸਟ ਵਿਚਕਾਰ ਜਮਾਂ ਕਰਵਾਈਆਂ ਰਕਮਾਂ ਅਤੇ ਲੇਖਾ ਸਰਕਲਾਂ ਵਿੱਚ ਟ੍ਰਾਂਸਫਰ ਸਬੰਧੀ ਲੈਣ-ਦੇਣ ਸ਼ਾਮਲ ਹੁੰਦੇ ਹਨ। ਇਨ੍ਹਾਂ ਮਦਾਂ ਵਿੱਚ ਸ਼ੁਰੂਆਤੀ ਡੈਬਿਟ ਜਾਂ ਕ੍ਰੇਡਿਟ ਦਾ ਨਿਪਟਾਰਾ ਅਸਲੀ ਮੱਦ ਨੂੰ ਬੁਕ ਕਰਕੇ ਕੀਤਾ ਜਾਂਦਾ ਹੈ।

### 1.2.2 ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ




## 1.3 ਵਿੱਤ ਲੇਖੇ ਅਤੇ ਨਮਿੱਤਣ ਲੇਖੇ

### 1.3.1 ਵਿੱਤ ਲੇਖੇ

ਵਿੱਤ ਲੇਖੇ ਸਰਕਾਰ ਦੀਆਂ ਸਲਾਨਾ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਨਾਲ ਨਾਲ ਮਾਲੀਆਂ ਅਤੇ ਪੂੰਜੀਗਤ ਲੇਖਿਆ ਵਿੱਚ ਦਰਸਾਏ ਗਏ ਵਿੱਤੀ ਨਤੀਜਿਆਂ ਅਤੇ ਸਾਰਵਜਨਿਕ ਕਰਜ਼ੇ ਅਤੇ ਸਰਵਜਨਿਕ ਲੇਖਿਆ ਦੇ ਬਕਾਇਆ ਨੂੰ ਦਰਸਾਉਂਦੇ ਹਨ। ਜਿਆਦਾ ਵਿਆਪਕ ਅਤੇ ਸੂਚਨਾਪੂਰਨ ਬਨਾਉਣ ਲਈ ਵਿੱਤ ਲੇਖੇ ਦੋ ਭਾਗਾਂ ਵਿੱਚ ਤਿਆਰ ਕੀਤੇ ਗਏ ਹਨ। ਵਿੱਤ ਲੇਖੇ **ਭਾਗ–I** ਵਿੱਚ ਭਾਰਤ ਦੇ ਨਿਰੀਖਕ ਅਤੇ ਮਹਾਂਲੇਖਾਪ੍ਰੀਖਕ ਦਾ ਪ੍ਰਮਾਣ ਪੱਤਰ, ਵਿੱਤ ਲੇਖੇ ਲਈ ਗਾਇਡ, 13 ਸਟੇਟਮੈਂਟਾਂ ਜੋਕਿ ਰਾਜ ਸਰਕਾਰ ਦੇ ਚਾਲੂ ਵਿੱਤ ਸਾਲ ਦੇ ਵਿੱਤੀ ਲੈਣ ਦੇਣ ਸਥਿਤੀ ਦੀ ਸੰਖੇਪ ਵਿੱਚ ਸੂਚਨਾ, ਨੋਟਸ ਟੂ ਫਾਇਨਾਂਸ ਅਕਾਉਂਟਸ ਅਤੇ ਇਸਦੇ ਅਨੁੱਲਗ ਸ਼ਾਮਲ ਹਨ। ਵਿੱਤ ਲੇਖੇ ਦੇ **ਭਾਗ–II** ਵਿੱਚ 2 ਹਿੱਸੇ ਹਨ, ਪਹਿਲੇ ਹਿੱਸੇ ਵਿੱਚ 9 ਵਿਸਤ੍ਰਿਤ ਸਟੇਟਮੈਂਟਾਂ ਅਤੇ ਦੂਜੇ ਹਿੱਸੇ ਵਿੱਚ 13 ਅੰਤਿਕਾਵਾ (Appendices) ਹਨ।

ਸਾਲ 2022–23 ਵਿੱਚ ਵਿੱਤ ਲੇਖੇ ਵਿੱਚ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭੁਗਤਾਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:




** ਉਧਾਰ ਅਤੇ ਹੋਰ ਦੇਣਦਾਰੀਆਂ : ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ–ਭੁਗਤਾਨ)+ਨਿਰੋਲ ਅਚੇਤ ਫੰਡ+ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ–ਭੁਗਤਾਨ)+ਨਿਰੋਲ ਮੁਢਲੇ ਅਤੇ ਅੰਤਿਮ ਰੋਕੜ ਬਕਾਇਆ।*

ਕੇਂਦਰ ਸਰਕਾਰ ਰਾਜ ਵਿੱਚ ਲਾਗੂ ਕਰਣ ਵਾਲੀ ਇਜੰਸੀਆਂ/ਗੈਰ ਸਰਕਾਰੀ ਸੰਸਥਾਨਾਂ ਨੂੰ ਵੱਖ ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਮੂਲ ਫੰਡ ਸਿੱਧੇ ਤੌਰ ਤੇ ਤਬਦੀਲ ਕਰਦੀ ਹੈ। ਸਾਲ 2022-23 ਵਿੱਚ ਭਾਰਤ ਸਰਕਾਰ ਨੇ ₹ 3,547 ਕਰੋੜ ਦੇ ਫੰਡ ਸਿੱਧੇ ਤੌਰ ਤੇ ਪੰਜਾਬ ਵਿੱਚ ਲਾਗੂ ਕਰਣ ਵਾਲੀਆਂ ਇਜੰਸੀਆਂ ਨੂੰ ਜਾਰੀ ਕੀਤੇ। ਇਹ ਫੰਡ ਰਾਜ ਦੇ ਬਜ਼ਟ ਤੋਂ ਬਾਹਰ ਹੁੰਦੇ ਹਨ ਅਤੇ ਰਾਜ ਸਰਕਾਰ ਦੇ ਲੇਖੇ ਵਿੱਚ ਵੀ ਨਹੀਂ ਦਰਸਾਏ ਜਾਂਦੇ ਹਨ। ਇਹ ਫੰਡ ਵਿੱਤ ਲੇਖੇ ਵਿੱਚ ਭਾਗ 2 ਅੰਕਿਤਾ 6 ਵਿੱਚ ਦਰਸਾਏ ਜਾਂਦੇ ਹਨ।

### 1.3.2 ਲੇਖੇ ਦੀਆਂ ਵਿੱਤੀ ਹਾਇਲਾਈਟਸ

ਸਾਲ 2022-23 ਵਿੱਚ ਅਸਲ ਵਿੱਤੀ ਨਤੀਜਿਆਂ ਦਾ ਵੇਰਵਾ, ਬਜਟ ਅਨੁਮਾਨਾਂ ਦੇ ਅਨੁਸਾਰ ਇਸ ਤਰਾਂ ਹੈ:

*(₹ ਕਰੋੜ ਵਿੱਚ)*

| ਲੜੀ ਨੰ: | ਹਿੱਸੇ | ਬਜਟ ਅਨੁਮਾਨ 2022-23 | ਅਸਲ 2022-23 | ਅਸਲ ਦੀ ਬਜਟ ਅਨੁਮਾਨ ਨਾਲ ਪ੍ਰਤੀਸ਼ਸਤਾ | ਅਸਲ ਤੋਂ ਜੀਐਸਡੀਪੀ (ੲ) ਦੀ ਪ੍ਰਤੀਸ਼ਤ |
|---|---|---|---|---|---|
| 1. | ਕਰ ਆਮਦਨ | 60,345 | 59,407(a) | 98 | 9 |
| 2. | ਗੈਰ ਕਰ ਆਮਦਨ | 6,302 | 6,232 | 99 | 1 |
| 3. | ਅਨੁਦਾਨ ਸਹਾਇਤਾ ਅਤੇ ਯੋਗਦਾਨ | 28,731 | 21,977 | 76 | 3 |
| 4. | *ਮਾਲੀਆ ਪ੍ਰਾਪਤੀਆਂ (1+2+3)* | **95,378** | **87,616** | **92** | **13** |
| 5. | ਕਰਜ਼ੇ ਅਤੇ ਪੇਸ਼ਗੀਆ ਦੀ ਵਸੂਲੀ | 200 | 164 | 82 | .. |
| 6. | ਹੋਰ ਪ੍ਰਾਪਤੀਆਂ | 500 | .. | .. | .. |
| 7. | ਉਧਾਰ ਅਤੇ ਹੋਰ ਦੇਣਦਾਰੀਆਂ (ਅ) | 23,835 | 33,930 | 142 | 5 |
| 8. | *ਪੂੰਜੀਗਤ ਪ੍ਰਾਪਤੀਆਂ (5+6+7)* | 24,535 | 34,094 | 139 | 5 |
| 9. | *ਕੁੱਲ ਪ੍ਰਾਪਤੀਆਂ (4+8)* | 1,19,913 | 1,21,710 | 102 | 18 |
| 10. | *ਮਾਲੀਆ ਖਰਚੇ* | 1,07,932 | 1,13,661 | 105 | 17 |
| 11. | *ਬਿਆਜ ਦੇਣ ਤੇ ਖਰਚਾ (ਮਾਲੀਆ ਖਰਚੇ ਤੋਂ)* | 20,122 | 22,905 | 114 | 3 |
| 12. | *ਪੂੰਜੀਗਤ ਖਰਚੇ* | 10,981 | 6,667 | 61 | 1 |
| 13. | *ਕਰਜੇ ਅਤੇ ਪੇਸ਼ਗੀਆਦੀ ਵੰਡ* | 1,000 | 1,382 | 138 | .. |
| 14. | *ਕੁੱਲ ਖਰਚਾ (10+12+13)* | 1,19,913 | 1,21,710 | 101 | 18 |
| 15. | *ਮਾਲੀਆ ਘਾਟਾ (4-10)* | 12,554 | 26,045 | 207 | 4 |
| 16. | *ਵਿੱਤੀ ਘਾਟਾ (4+5+6-14)* | 23,835 | 33,930 | 142 | 5 |

*ੳ) ਕੇਂਦਰੀ ਕਰਾਂ ਵਿੱਜ ਰਾਜ ਦਾ ਹਿੱਸਾ ₹ 17,164 ਕਰੋੜ ਹੈ।*

*ਅ) ਉਧਾਰ ਅਤੇ ਹੋਰ ਦੇਣਦਾਰੀਆਂ: ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ-ਭੁਗਤਾਨ)+ ਨਿਰੋਲ ਅਚੇਤ ਫੰਡ+ ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ-ਭੁਗਤਾਨ)-ਨਿਰੋਲ-ਮੁੱਢਲੇ ਅਤੇ ਅੰਤਿਮ ਰੋਕੜ ਬਕਾਇਆ।*

*ੲ) ਭਾਰਤ ਸਕਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਗਲੇ ਨਵੀ ਦਿੱਲੀ ਦੀ ਵੇਬਸਾਇਟ ਤੇ 01 ਅਗਸਤ 2023 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ ₹ 6,73,107 ਕਰੋੜ ਹੈ।*

### 1.3.3 ਨਮਿੱਤਣ ਲੇਖੇ

ਹਰੇਕ ਸਾਲ ਵਿੱਚ ਨਮਿੱਤਣ ਲੇਖੇ ਰਾਜ ਸਰਕਾਰ ਦੇ ਸਮਕਿਤ ਨਿਧੀ ਤੋਂ ਸਕਲ ਖਰਚੇ (ਵੋਟਿਡ ਅਤੇ ਚਾਰਜਡ) ਦੇ ਮੁਕਾਬਲੇ ਭਾਰਤੀ ਸੰਵਿਧਾਨ ਦੇ ਅਨੁਛੇਦ 204 ਅਤੇ 205 ਦੇ ਅਧੀਨ ਰਾਜ ਸਰਕਾਰ ਦੁਆਰਾ ਪਾਸ ਕੀਤੇ ਨਮਿੱਤਣ ਐਕਟ ਨਾਲ ਨੱਥੀ ਅਨੁਸੂਚੀਆਂ ਵਿੱਚ ਨਿਰਧਾਰਿਤ ਰਕਮਾਂ ਨੂੰ ਦਰਸਾਉਂਦੇ ਹਨ। ਪੰਜਾਬ ਸਰਕਾਰ ਦੇ ਸਾਲ 2022-23 ਦੇ ਨਮਿੱਤਣ ਲੇਖੇ ਸਾਲ 2022-23 ਵਿੱਚ 32 ਚਾਰਜਡ ਅਤੇ 42 ਵੋਟਿਡ ਅਨੁਦਾਨਾਂ ਵਿੱਚ ਖਰਚ ਦੀਆਂ ਰਕਮਾਂ ਨੂੰ ਦਰਸਾਉਂਦੇ ਹਨ।

### 1.3.4 ਬਜਟ ਤਿਆਰ ਕਰਨ ਵਿੱਚ ਨਿਪੁੰਨਤਾ

ਨਮਿੱਤਣ ਅਧਿਨਿਯਮ 2022-23 ਦੇ ਅੰਤਰਗਤ ₹ 1,92,655 ਕਰੋੜ ਦਾ ਕੁੱਲ ਖਰਚਾ ਹੋਇਆ ਜਿਸ ਵਿੱਚ ਸਾਲ ਦੌਰਾਨ ਵਿਧਾਨ ਸਭਾ ਦੁਆਰਾ ਪਾਰਿਤ ₹36,796 ਕਰੋੜ ਦੀਆਂ ਪੂਰਕ ਗਰਾਂਟਾਂ ਸ਼ਾਮਲ ਹਨ। ਖਰਚੇ ਦੀ ਕਟੋਤੀ ਵੱਜੋਂ ਕੁੱਝ ਵੀ ਰਕਮ ਦਾ ਪ੍ਰਾਵਧਾਨ ਨਹੀਂ ਕੀਤਾ ਗਿਆ।

ਨਮਿੱਤਣ ਲੇਖੇ 2022-23 ਵਿਚ ₹ 1,80,225 ਕਰੋੜ ਦੇ ਬਜਟ ਅਨੁਮਾਨ ਦੇ ਮੁਕਾਬਲੇ ₹ 1,92,655 ਕਰੋੜ ਦਾ ਕੁੱਲ ਭੁਗਤਾਨ ਦਿਖਾਇਆ ਗਿਆ ਹੈ। ਨਤੀਜੇ ਵਜੋਂ ₹12,430 ਕਰੋੜ ਦੀ (6 ਪ੍ਰਤੀਸਤ) ਦੀ ਸ਼ੁੱਧ ਬਚਤ ਹੋਈਂ। ਹਾਲਾਂਕਿ, ₹ 5,598 ਕਰੋੜ (45 ਪ੍ਰਤੀਸ਼ਤ) ਦੀ ਸ਼ੁੱਧ ਬਚਤ ਸਥਾਨਕ ਸਰਕਾਰਾਂ (₹1,808 ਕਰੋੜ), ਸਿੱਖਿਆ (₹1,620 ਕਰੋੜ), ਪੇਂਡੂ ਵਿਕਾਸ ਅਤੇ ਪੰਚਾਇਤਾਂ (₹1,112 ਕਰੋੜ) ਅਤੇ ਸਿਹਤ ਅਤੇ ਪਰਿਵਾਰ ਭਲਾਈ (₹ 1,058 ਕਰੋੜ) ਦੁਆਰਾ ਨਿਯੰਤਰਿਤ ਗ੍ਰਾਂਟਾਂ ਦੇ ਅਧੀਨ ਸੀ। ਇਸ ਤਰਾਂ ਦੋ ਵੋਟਿਡ ਅਨੁਦਾਨ ਅਤੇ ਇੱਕ ਚਾਰਜਡ ਨਮਿੱਤਨ ਵਿੱਚ ₹381 ਕਰੋੜ ਦਾ ਵਾਧੁ ਖਰਚਾ ਹੋਇਆ। ਬਜਟ ਅਨੁਮਾਨਾਂ ਵਿੱਚ ਖਰਚੇ ਦੀ ਕਟੌਤੀ ਵਜੋਂ ਰਿਕਵਰੀ ਦੇ ਨਿਲ ਪ੍ਰਾਵਧਾਨ ਸੀ। ਸਾਲ 2022-23 ਵਿੱਚ ₹139 ਕਰੋੜ ਦੀ ਅਸਲ ਰਿਕਵਰੀ ਹੋਈ।

ਸਾਲ 2022-23 ਦੇ ਨਮਿੱਤਣ ਲੇਖੇ ਤੋਂ ਪਤਾ ਲਗਦਾ ਹੈ ਕਿ ₹1,80,225 ਕਰੋੜ ਦੇ ਕੁੱਲ ਖਰਚੇ ਵਿਚੋਂ ₹1,13,738 ਕਰੋੜ ਦਾ ਮਾਲੀਆ ਖਰਚਾ, ₹6,729 ਕਰੋੜ ਦਾ ਪੂੰਜੀਗਤ ਖਰਚਾ, ₹58,376 ਕਰੋੜ ਕਰਜ਼ਿਆ ਦੀ ਅਦਾਇਗੀ ਅਤੇ ₹1,382 ਕਰੋੜ ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀਆ ਤੇ ਖਰਚ ਹੋਏ। ਰਾਜ ਵਿਧਾਨ ਸਭਾ ਵੱਲੋਂ ਪਾਸ ਕੀਤੀ ਗਈ ਕੁਲ ਮੰਗਾ ਦੇ ਹਵਾਲੇ ਵਿੱਚ ਮਾਲੀਆ, ਪੂੰਜੀਗਤ, ਜਨਤਕ ਕਰਜੇ ਅਤੇ ਉਧਾਰ ਅਤੇ ਪੇਸ਼ਸਿਆਂ ਵਿੱਚ ਬਚਤਾਂ ਹੋਇਆਂ।

## 1.4 ਫੰਡਾਂ ਦੇ ਸਰੋਤ ਅਤੇ ਵਰਤੋਂ

### 1.4.1 ਉਪਾਅ ਅਤੇ ਸਾਧਨ ਪੇਸ਼ਗੀਆਂ

ਭਾਰਤੀ ਰਿਜ਼ਰਵ ਬੈਂਕ ਰਾਜ ਸਰਕਾਰਾਂ ਨੂੰ ਉਨ੍ਹਾਂ ਦੀ ਲਿਕਵਿਡੀਟੀ ਕਾਇਮ ਰੱਖਣ ਲਈ ਉਪਾਯ ਅਤੇ ਸਾਧਨ ਪੇਸ਼ਗੀਆਂ ਦੀ ਸਹੂਲਤ ਪਰਦਾਨ ਕਰਦਾ ਹੈ। ਸਹਿਮਤ ਹੋਏ ਘੱਟੋ ਘੱਟ ਨਕਦ ਬਕਾਏ ਜੋ ਕਿ ₹1.56 ਕਰੋੜ ਹੈ, ਤੋਂ ਘੱਟ ਬਕਾਯਾ ਹੋਣ ਤੇ ਓਵਰਡਰਾਫਟ ਸਵਿਧਾਵਾਂ ਦਿੱਤੀਆਂ ਜਾਂਦੀਆਂ ਹਨ। 31 ਮਾਰਚ 2023 ਨੂੰ ਉਪਾਅ ਤੇ ਸਾਧਨ ਦੀਆਂ ਪੇਸ਼ਗੀਆਂ ਵੱਜੋ ਕੋਈ ਰਕਮ ਬਕਾਇਆ ਨਹੀ ਸੀ। ਸਾਲ 2022-23 ਦੇ ਦੌਰਾਨ ਪੰਜਾਬ ਸਰਕਾਰ ਨੇ ਵਿਸ਼ੇਸ਼ ਡਰਾਇਗ ਸਹੂਲਤ ਅਤੇ ਉਪਾਏ ਤੇ ਸਾਧਨ ਵੱਜੋ 10 ਮੌਕਿਆ ਤੇ ₹42,282 ਕਰੋੜ ਪ੍ਰਾਪਤ ਕੀਤੇ ਜੋਕਿ 2022-23 ਦੌਰਾਨ ਅਦਾ ਕਰ ਦੀਤੇ ਅਤੇ ਨਿਲ ਬਕਾਯਾ ਬਚਿਆ। ਇੰਨ੍ਹਾਂ ਪੇਸ਼ਗੀਆਂ ਤੇ ਵਿਆਜ ਵੱਜੋਂ ₹27.57 ਕਰੋੜ ਦਾ ਭੁਗਤਾਨ ਕੀਤਾ।

ਸਾਲ 2022-23 ਦੌਰਾਨ ਸਰਕਾਰ ਨੇ ਕੋਈ ਸ਼ਾਰਟਫਾਲ / ਓਵਰਡਰਾਫਟ ਨਹੀਂ ਲਿੱਤਾ।

### 1.4.2 ਫੰਡ ਪ੍ਰਵਾਹ ਵੇਰਵਾ

ਰਾਜ ਦਾ ₹26,045 ਕਰੋੜ ਦਾ ਮਾਲੀਆ ਘਾਟਾ ਅਤੇ ₹33,930 ਕਰੋੜ ਦਾ ਵਿਤੀ ਘਾਟਾ ਕੁਲ ਰਾਜ ਘਰੇਲ ਉਤਪਾਦ*ਦਾ ਕ੍ਰਮਵਾਰ 3.87 ਪ੍ਰਤੀਸ਼ਤ ਅਤੇ 5.04 ਪ੍ਰਤੀਸ਼ਤ ਬਣਦਾ ਹੈ। ਵਿੱਤੀ ਘਾਟਾ ਕੁਲ ਖਰਚੇ ਦਾ 28 ਪ੍ਰਤੀਸ਼ਤ ਹੈ। ਇਸ ਘਾਟੇ ਦੀ ਪੂਰਤੀ ਸਾਰਵਜਨਿਕ ਕਰਜ਼ੇ (₹31,168 ਕਰੋੜ ), ਸਾਰਵਜਨਿਕ ਲੇਖਿਆਂ ਵਿੱਚ ਵਾਧਾ (₹1,598 ਕਰੋੜ ) ਨਾਲ ਕੀਤਾ ਗਿਆ। ਰਾਜ ਸਰਕਾਰ ਦੀ ਮਾਲੀਆ ਪ੍ਰਾਪਤੀਆਂ (₹87,616 ਕਰੋੜ) ਦਾ ਲਗਭਗ 79 ਪਰਤੀਸ਼ਤ ਪ੍ਰਤੀਬੱਧ ਖਰਚੇ ਜਿਵੇ ਤਨਖਾਹਾਂ (₹27,538 ਕਰੋੜ), ਵਿਆਜ ਅਦਾਇਗਿਆ (₹22,905 ਕਰੋੜ ) ਅਤੇ ਪੈਨਸ਼ਨਾਂ (₹19,123 ਕਰੋੜ) ਤੇ ਖਰਚ ਕੀਤਾ ਗਿਆ ਹੈ।

## ਫੰਡਾਂ ਦੇ ਸਰੋਤ ਅਤੇ ਵਰਤੋਂ

*(₹ ਕਰੋੜ ਵਿੱਚ)*

**ਸਰੋਤ**


| ਵੇਰਵੇ | ਰਕਮ |
|---|---|
| ਮੁੱਢਲਾ ਨਕਦ ਬਕਾਇਆ 1.4.2022 ਨੂੰ | 130 |
| ਮਾਲੀਆ ਪ੍ਰਾਪਤੀਆਂ | 87,616 |
| ਕਰਜ਼ ਅਤੇ ਪੇਸ਼ਗੀਆਂ ਦੀ ਵਸੂਲੀ | 164 |
| ਸਾਰਵਜਨਿਕ ਕਰਜ਼ | 89,544 |
| ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ | 3,350 |
| ਰਾਖਵੇਂ ਫੰਡ | 4,487 |
| ਪ੍ਰਾਪਤ ਜਮ੍ਹਾਂ | 7,053 |
| ਸਿਵਿਲ ਪੇਸ਼ਗੀ ਦਾ ਭੁਗਤਾਨ | .. |
| ਉੱਚਤ ਲੇਖੇ | 1,22,335 |
| ਜਮ੍ਹਾਂ ਕਰਵਾਈਆਂ ਗਈਆਂ ਰਕਮਾਂ | 67 |
| ਅਚੇਤ ਨਿਧੀ | .. |
| ਕੁੱਲ | 3,14,746 |

*ਭਾਰਤ ਸਰਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੈਬਸਾਇਟ ਤੇ 01 ਅਗਸਤ 2023 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ ₹6,73,107 ਕਰੋੜ ਹੈ।

**ਵਰਤੋਂ**

| | |
|---|---|
| ਮਾਲੀਆ ਖਰਚਾ | 1,13,661 |
| ਪੂੰਜੀਗਤ ਖਰਚਾ | 6,667 |
| ਦਿਤੇ ਕਰਜ਼ੇ | 1,382 |
| ਸਰਵਜਨਿਕ ਕਰਜ਼ਿਆਂ ਦੀ ਅਦਾਇਗੀ | 58,376 |
| ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ | 3,133 |
| ਰਾਖਵੇਂ ਫੰਡ | 3,552 |
| ਖਰਚ ਕੀਤੇ ਜਮ੍ਹਾਂ | 6,925 |
| ਦਿਤੀਆਂ ਸਿਵਲ ਪੇਸ਼ਗੀਆਂ | .. |
| ਉਚੰਤ ਲੇਖੇ | 1,20,648 |
| ਜਮ੍ਹਾਂ ਕਰਾਈਆਂ ਰਕਮਾਂ | 36 |
| 31.3.2023 ਨੂੰ ਅੰਤਿਮ ਬਕਾਇਆ | 366 |
| ਕੁੱਲ | 3,14,746 |

### 1.4.3 ਰੁਪਏ ਦੀ ਆਮਦ ਕਿਥੋਂ ਹੋਈ



### 1.4.4 ਰੁਪਿਆ ਕਿਥੇ ਖਰਚ ਹੋਇਆ




## 1.5 ਘਾਟਾ ਅਤੇ ਵਾਧਾ

**ਘਾਟਾ**

ਘਾਟਾ ਪ੍ਰਾਪਤੀਆਂ ਅਤੇ ਖਰਚੇ ਦੇ ਅੰਤਰ ਨੂੰ ਦਰਸਾਉਂਦਾ ਹੈ। ਘਾਟੇ ਦੀ ਕਿਸਮ ਘਾਟੇ ਦੀ ਭਰਪਾਈ ਅਤੇ ਫੰਡਾਂ ਦੀ ਵਰਤੋਂ ਆਰਥਿਕ ਪ੍ਰਬੰਧਨ ਦੇ ਜਰੂਰੀ ਸੂਚਕ ਹਨ।

**ਮਾਲੀਆ ਘਾਟਾ/ਵਾਧਾ**

ਮਾਲੀਆ ਪ੍ਰਾਪਤੀਆਂ ਅਤੇ ਮਾਲੀਆ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਮਾਲੀਆ ਖਰਚਾ ਸਰਕਾਰੀ ਅਮਲਾ ਚਲਾਉਣ ਲਈ ਜਰੂਰੀ ਹੈ ਅਤੇ ਇਹ ਮਾਲੀਆ ਪ੍ਰਾਪਤੀਆਂ ਤੋਂ ਪੂਰਾ ਕੀਤਾ ਜਾਣਾ ਚਾਹੀਦਾ ਹੈ।

**ਵਿਤੀ ਘਾਟਾ/ਵਾਧਾ**

ਕੁਲ ਪ੍ਰਾਪਤੀਆਂ (ਦੇਣਦਾਰੀਆਂ ਅਤੇ ਉਧਾਰ ਛੱਡ ਕੇ) ਅਤੇ ਕੁਲ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਕਿਸ ਹੱਦ ਤੱਕ ਖਰਚ ਨੂੰ ਉਧਾਰ ਲੈ ਕੇ ਪੂਰਾ ਕੀਤਾ ਗਿਆ ਇਸ ਤੱਥ ਨੂੰ ਦਰਸਾਉਂਦਾ ਹੈ। ਉਧਾਰ ਰਾਸ਼ੀਆਂ ਨੂੰ ਪੂੰਜੀਗਤ ਯੋਜਨਾਵਾਂ ਤੇ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ।

### 1.5.1 ਪਿਛਲੇ ਪੰਜ ਸਾਲਾਂ ਦੌਰਾਨ ਮਾਲੀਆ ਘਾਟਾ/ਵਾਧਾ ਅਤੇ ਵਿੱਤੀ ਘਾਟੇ ਦਾ ਰੁਝਾਨ ਹੇਠ ਅਨੁਸਾਰ ਹੈ :


*(ਰੁਪਏ ਕਰੋੜ ਵਿੱਚ)*

| ਸਾਲ | ਜੀ ਐਸ ਡੀ ਪੀ (i) | ਮਾਲੀਆ ਘਾਟਾ | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ | ਵਿਤੀ ਘਾਟਾ | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ |
|---|---|---|---|---|---|
| 2018-19 | 5,12,510 | 13,135 | 2.56 | 16,059 | 3.13 |
| 2019-20 | 5,37,031 | 14,285 | 2.66 | 16,826 | 3.13 |
| 2020-21 | 5,40,853 | 17,297 | 3.20 | 22,585 | 4.18 |
| 2021-22 | 6,14,227 | 18,468 | 3.01 | 27,847 | 4.53 |
| 2022-23 | 6,73,107 | 26,045 | 3.87 | 33,930 | 5.04 |

ਸਰੋਤ:

*ਭਾਰਤ ਸਕਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੇਬਸਾਇਟ ਤੇ 01 ਅਗਸਤ 2023 ਦੇ ਆਂਕੜੇ ਅਨੁਸਾਰ।*

## ਮਾਲੀਆ ਘਾਟਾ ਅਤੇ ਵਿੱਤੀ ਘਾਟਾ




### 1.5.2 ਪੰਜਾਬ ਵਿੱਤੀ ਜ਼ਿੰਮੇਦਾਰੀ ਅਤੇ ਬੱਜਟ ਪ੍ਰਬੰਧਣ (PFRBM) ਅਧਿਨਿਯਮ

1.5.2.1 ਪੰਜਾਬ ਸਰਕਾਰ ਦੇ ਮੌਜੂਦਾ FRBM ਅਧਿਨਿਯਮ 2003 ਮੁਤਾਬਿਕ ਪੰਜਾਬ ਸਰਕਾਰ ਨੇ ਸਾਲ 2022-23 ਦੇ ਮਿਡਅਮ ਟਰਮ ਵਿੱਤੀ ਯੋਜਨਾਵਾਂ ਅਤੇ ਸਟੇਟੇਜੀ ਸਟੇਟਮੈਂਟ ਰਾਜ ਸਰਕਾਰ ਦੇ ਬਜਟ ਨਾਲ ਪੇਸ਼ ਕੀਤੀ।

ਵਿਧਾਨ ਸਭਾ ਵਿੱਚ ਬਜਟ ਪੇਸ਼ ਕਰਨ ਸਮੇ ਰਾਜ ਸਰਕਾਰ ਦੁਆਰਾ ਪੀ.ਐਫ.ਆਰ.ਬੀ.ਐਮ ਐਕਟ ਅਤੇ ਨਿਅਮਾਂ ਦੇ ਅਨੁਸਾਰ ਮਿੱਥੇ ਟੀਚਿਆਂ ਅਤੇ ਸਰਕਾਰ ਦੀ ਕਾਰਗੁਜਾਰੀ ਦੀ ਸਥਿਤੀ ਪੇਸ਼ ਕਰਨੀ ਬਣਦੀ ਹੈ। ਇਸ ਸੰਧਰਭ ਵਿੱਚ ਲੇਖਾ ਪਧਤੀ, ਨੀਤੀਆਂ ਅਤੇ ਕਾਰਜ ਪ੍ਰਣਾਲੀ ਵਿੱਚ ਮਹਤਵਪੂਰਨ ਤਬਦੀਲੀਆ ਜੇ ਨਿਰਧਾਰਤ ਵਿੱਤੀ ਸੂਚਕਾ ਨੂੰ ਪ੍ਰਭਾਵਿਤ ਕਰਨ ਜਾ ਕਰ ਸਕਦੀਆ ਹੋਣ, ਦੇ ਬਾਰੇ ਕੋਈ ਖੁਲਾਸਾ ਨਹੀ ਕੀਤਾ ਗਿਆ।

1.5.2.2 ਸਾਲ 2022-23 ਵੱਚ ਪੰਜਾਬ ਸਰਕਾਰ ਦੇ ਲੇਖਿਆ ਦੀ ਨਿਪੁੰਨਤਾ ਦਾ ਪਤਾ ਪੀ.ਐਫ.ਆਰ.ਬੀ.ਐਮ. ਐਕਟ ਅਤੇ ਰੁਲਾਂ ਦੇ ਅਨੁਸਾਰ ਸਿਖੇ ਅਧਿਨਿਯਮ ਦੁਆਰਾ ਮਿਥੇ (ਨਿਰਧਾਰਿਤ) ਟੀਚਿਆਂ ਤੋਂ ਲਗਦਾ ਹੈ ਜੋ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਨੂੰ ਹੇਠ ਲਿਖੇ ਅਨੁਸਾਰ ਦਰਸਾਉਂਦਾ ਹੈ :-

| ਲੜੀ ਨੰ: | ਵਿੱਤੀ ਪੈਮਾਨੇ | ਅਸਲ ਖਰਚਾ (ਰੁਪਏ ਕਰੋੜ ਵਿੱਚ) | ਵਿਤੀ ਸੂਚਕਾਂਕ ਪੈਮਾਨੇ ਦੀ ਸਕਲ ਰਾਜ ਘਰੇਲੂ ਉਤਪਾਦ ਨਾਲ ਪ੍ਰਤੀਸ਼ਤਤਾ* | |
|---|---|---|---|---|
| | | | ਟੀਚੇ | ਪ੍ਰਾਪਤੀ |
| 1. | ਮਾਲੀਆ ਘਾਟਾ | 26,045 | 0.00 | 3.87 |
| 2. | ਵਿੱਤੀ ਘਾਟਾ | 33,930 | 4.00** | 5.04 |

* ਸਕਲ ਰਾਜ ਘਰੇਲੂ ਉਤਪਾਦ ਦੀ ਕੀਮਤ ₹ 6,73,107 ਕਰੋੜ ਭਾਰਤ ਸਰਕਾਰ ਦੇ ਆਂਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀਂ ਦਿੱਲੀ ਦੀ ਵੇਬਸਾਇਟ ਤੇ 01 ਅਗਸਤ 2023 ਨੂੰ ਦਰਸਾਈ ਗਈ ਹੈ।

** ਵਿਤੀ ਘਾਟੇ ਨੂੰ 3.5 ਪ੍ਰਤੀਸ਼ਤ ਅਤੇ ਅਡੀਸ਼ਨਲ 0.5 ਪ੍ਰਤੀਸ਼ਤ । ਰਾਜ ਸਰਕਾਰ ਦੁਆਰਾ ਕੀਤੇ ਗਏ ਮਾਲੀਆ ਖਰਚੇ ਹਨ ਮੁਖ ਰਖਦੇ ਹੋਏ ਸੀਮਤ ਰਖਿਆ ਜਾਵੇਗਾ।

1.5.2.3 2022-23 ਵਿੱਚ ਪੰਜਾਬ ਸਰਕਾਰ ਦੀ ਨਿਰੋਲ ਉਧਾਰੀ ₹ 32,448 ਕਰੋੜ ਹੈ।

# ਅਧਿਆਇ II

# ਪ੍ਰਾਪਤੀਆਂ

## 2.1 ਭੂਮਿਕਾ

ਸਰਕਾਰ ਦੀਆਂ ਪ੍ਰਾਪਤੀਆਂ ਨੂੰ ਮਾਲੀਆ ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ਵਿੱਚ ਵੰਡਿਆ ਗਿਆ ਹੈ। ਸਾਲ 2022-23 ਵਿੱਚ ਕੁਲ ₹ 1,21,710 ਕਰੋੜ ਦੀਆਂ ਪ੍ਰਾਪਤੀਆਂ ਹੋਈਆਂ।

## 2.2 ਮਾਲੀਆ ਪ੍ਰਾਪਤੀਆਂ

ਸਰਕਾਰ ਦਿਆਂ ਮਾਲੀਆਂ ਪਾਪਤੀਆਂ ਦੇ ਤਿਨ ਭਾਗ ਹੁੰਦੇ ਹਨ:- ਕਰ ਆਸਦਨ, ਗੈਰ ਕਰ ਆਸਦਨ ਅਤੇ ਕੇਂਦਰ ਸਰਕਾਰ ਤੋਂ ਪ੍ਰਾਪਤ ਅਨੁਦਾਨ।

**ਕਰ ਆਮਦਨ**

ਕਰ ਸਰਕਾਰ ਦੁਆਰਾ ਵਸੂਲੇ ਅਤੇ ਸੰਭਾਲੇ ਜਾਂਦੇ ਹਨ। ਸੰਵਿਧਾਨ ਦੀ ਧਾਰਾ 280(3) ਅਧੀਨ ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ ਹੁੰਦਾ ਹੈ।

**ਗੈਰ- ਕਰ ਆਮਦਨ**

ਵਿਆਜ ਪ੍ਰਾਪਤੀਆਂ, ਲਾਭ-ਅੰਸ਼ ਅਤੇ ਲਾਭ ਆਦਿ ਸ਼ਾਮਿਲ ਹੁੰਦਾ ਹੈ।

**ਅਨੁਦਾਨ ਸਹਾਇਤਾ**


ਕੇਂਦਰੀ ਸਰਕਾਰ ਵਲੋਂ ਰਾਜ ਸਰਕਾਰ ਨੂੰ ਕੇਂਦਰੀ ਸਹਾਇਤਾ। ਇਸ ਵਿੱਚ ਵਿਦੇਸ਼ਾਂ ਤੋਂ ਪ੍ਰਾਪਤ ਬਾਹਰ ਅਨੁਦਾਨ ਸਹਾਇਤਾ, ਸਹਾਇਤਾ, ਸਮਾਨ ਅਤੇ ਉਪਕਰਣ ਸ਼ਾਮਿਲ ਹਨ ਜੋ ਕਿ ਕੇਂਦਰ ਸਰਕਾਰ ਦੁਆਰਾ ਦਿਤੇ ਜਾਂਦੇ ਹਨ। ਇਸਤੋਂ ਇਲਾਵਾ ਰਾਜ ਸਰਕਾਰ ਸੰਸਥਾਵਾਂ ਨੂੰ ਜਿਵੇਂ ਕਿ ਪੰਚਾਇਤੀ ਰਾਜ ਸੰਸਥਾਵਾਂ ਅਤੇ ਖੁਦਮੁਖਤਾਰ ਸੰਸਥਾਵਾਂ ਨੂੰ ਅਨੁਦਾਨ ਸਹਾਇਤਾ ਦਿੰਦੀ ਹੈ।

### 2.2.1 ਮਾਲੀਆ ਪ੍ਰਾਪਤੀਆਂ ਦੇ ਹਿੱਸੇ (2022-23)

(₹ ਕਰੋੜ ਵਿੱਚ)

| ਹਿੱਸੇ | ਅਸਲ |
|---|---|
| *ੳ. ਕਰ ਆਮਦਨ* | **59,407** |
| ਵਸਤੂ ਅਤੇ ਸੇਵਾ ਟੈਕਸ | 22,977 |
| ਆਮਦਨ ਅਤੇ ਖਰਚੇ ਤੇ ਕਰ | 11,532 |
| ਜਾਇਦਾਦ ਅਤੇ ਪੂੰਜੀਗਤ ਲੈਣ-ਦੇਣ ਤੇ ਕਰ | 4,319 |
| ਵਸਤਾਂ ਅਤੇ ਸੇਵਾਵਾਂ ਦੇ ਕਰ | 20,579 |
| *ਅ. ਗੈਰ ਕਰ ਆਮਦਨ* | **6,232** |
| ਵਿਆਜ ਪ੍ਰਾਪਤੀਆਂ, ਲਾਭ ਅੰਸ਼ ਅਤੇ ਲਾਭ ਆਦਿ | 246 |
| ਆਮ ਸੇਵਾਵਾਂ | 3,289 |
| ਸਮਾਜਿਕ ਸੇਵਾਵਾਂ | 1,009 |
| ਆਰਥਿਕ ਸੇਵਾਵਾਂ | 1,688 |
| *ੲ. ਅਨੁਦਾਨ ਸਹਾਇਤਾ ਅਤੇ ਅੰਸ਼ਦਾਨ* | 21,977 |
| ਕੁੱਲ | **87,616** |

## ਮਾਲੀਆ ਪ੍ਰਾਪਤੀਆਂ ਦੇ ਹਿੱਸੇ




### 2.2.2 ਮਾਲੀਆ ਪ੍ਰਾਪਤੀਆਂ ਦਾ ਰੁਝਾਨ


(₹ ਕਰੋੜ ਵਿੱਚ)

| ਹਿੱਸੇ | 2018-19 | 2019-20 | 2020-21 | 2021-22 | 2022-23 |
|---|---|---|---|---|---|
| ਕਰ ਆਮਦਨ | 43,580 (8) | 40,341 (7) | 40,691 (8) | 52,615 (9) | 59,407 (9) |
| ਗੈਰ ਕਰ ਆਮਦਨ | 7,582 (1) | 6,654 (1) | 4,152 (1) | 4,784 (1) | 6,232 (1) |
| ਅਨੁਦਾਨ ਸਹਾਇਤਾ | 11,107 (2) | 14,580 (3) | 24,205 (4) | 20,769 (3) | 21,977 (3) |
| **ਕੁੱਲ ਮਾਲੀਆ ਪ੍ਰਾਪਤੀਆਂ** | **62,269 (12)** | **61,575 (11)** | **69,048 (13)** | **78,168 (13)** | **87,616 (13)** |
| **ਸਕਲ ਰਾਜ ਘਰੇਲੂ ਉਤਪਾਦ (i)** | **5,12,510** | **5,37,031** | **5,40,853** | **6,14,227** | **6,73,107** |

*ਨੋਟ : (i) ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ।*
*(ii) ਬਰੈਕਟ ਵਿਚਲੇ ਆਂਕੜੇ ਸਕਲ ਰਾਜ ਘਰੇਲੂ ਉਤਪਾਦ ਦੇ ਅਨੁਸਾਰ ਦੀ ਪ੍ਰਤੀਸ਼ਸਤ ਦਰਸਾਉਂਦੇ ਹਨ।*

ਸਕਲ ਰਾਜ ਘਰੇਲੂ ਉਤਪਾਦ ਸਾਲ 2021-22 ਦੇ ਮੁਕਾਬਲੇ 2022-23 ਵਿੱਚ 10 ਪ੍ਰਤੀਸ਼ਤ ਵਧਿੱਆ ਜਦੋਂ ਕਿ ਮਾਲੀਆ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ 12 ਪ੍ਰਤੀਸ਼ਤ ਵਧੀ।

## ਮਾਲੀਆ ਪ੍ਰਾਪਤੀਆਂ ਦਾ ਰੁਝਾਨ





## 2.3 ਕਰ ਆਮਦਨ

*(₹ ਕਰੋੜ ਵਿੱਚ)*

| ਉਪ ਖੇਤਰ ਵਾਰ ਕਰ ਆਮਦਨ | | | | | |
|---|---|---|---|---|---|
| ਉਪ ਖੇਤਰ | 2018-19 | 2019-20 | 2020-21 | 2021-22 | 2022-23 |
| ਵਸਤੂ ਅਤੇ ਸੇਵਾ ਕਰ | 16,474 | 15,687 | 14,998 | 20,122 | 22,977 |
| ਆਮਦਨ ਅਤੇ ਖਰਚ ਤੇ ਕਰ | 7,369 | 6,430 | 6,616 | 9,032 | 11,532 |
| ਜਾਇਦਾਦ ਅਤੇ ਪੂੰਜੀਗਤ ਲੇਣ ਦੇਣ ਤੇ ਕਰ | 2,368 | 2,324 | 2,538 | 3,393 | 4,319 |
| ਵਸਤਾਂ ਅਤੇ ਸੇਵਾਵਾਂ ਤੇ ਕਰ | 17,369 | 15,900 | 16,539 | 20,068 | 20,579 |
| **ਕੁਲ ਕਰ ਆਮਦਨ** | **43,580** | **40,341** | **40,691** | **52,615** | **59,407** |

## ਉਪ-ਖੇਤਰ ਵਾਰ ਕਰ ਆਮਦਨ ਦਾ ਰੁਝਾਨ




### 2.3.1 ਰਾਜ ਦੀ ਆਪਣੀ ਕਰ ਆਮਦਨ ਵਸੂਲੀ ਦਾ ਨਿਸ਼ਪਾਦਨ

ਰਾਜ ਸਰਕਾਰ ਦੇ ਕਰ ਆਮਦਨ ਦੇ ਦੋ ਸਰੋਤ ਹਨ ਜਿਵੇਂ ਰਾਜ ਦੀ ਆਪਣੀ ਕਰ ਵਸੂਲੀ ਅਤੇ ਕੇਂਦਰੀ ਕਰਾਂ ਦੀ ਵੰਡ

(₹ ਕਰੋੜ ਵਿੱਚ)

| | ਸਕਲ ਰਾਜ ਘਰੇਲੂ ਉਤਪਾਦ* | ਕਰ ਆਮਦਨ | ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ | ਰਾਜ ਦੀ ਆਪਣੀ ਕਰ ਆਮਦਨ | |
|---|---|---|---|---|---|
| | | | | ਰਕਮ | ਸਕਲ ਰਾਜ ਘਰੇਲੂ ਉਤਪਾਦ ਦੀ ਪ੍ਰਤੀਸ਼ਤਤਾ |
| 2018-19 | 5,12,510 | 43,580 | 12,005 | 31,575 | 6 |
| 2019-20 | 5,37,031 | 40,341 | 10,346 | 29,995 | 6 |
| 2020-21 | 5,40,853 | 40,691 | 10,638 | 30,053 | 6 |
| 2021-22 | 6,14,227 | 52,615 | 15,288 | 37,327 | 6 |
| 2022-23 | 6,73,107 | 59,407 | 17,164 | 42,243 | 6 |

* ਪੈਰਾ 1.5.1 ਦੇ ਨੀਚੇ ਨੋਟ ਅਨੁਸਾਰ

## 2.4 ਕਰ ਵਸੂਲੀ ਦੀ ਕਾਰਜਕੁਸ਼ਲਤਾ

ੳ. ਜਾਇਦਾਦ ਅਤੇ ਪੂੰਜੀਗਤ ਲੇਣ ਦੇਣ ਤੇ ਕਰ

*(₹ ਕਰੋੜ ਵਿੱਚ)*

| ਹਿੱਸੇ | 2018-19 | 2019-20 | 2020-21 | 2021-22 | 2022-23 |
|---|---|---|---|---|---|
| ਮਾਲੀਆ ਵਸੂਲੀ | 2,368 | 2,325 | 2,538 | 3,393 | 4,319 |
| ਵਸੂਲੀ ਦੇ ਖਰਚ | 216 | 190 | 173 | 194 | 242 |
| ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਸਤਾ | *9* | *8* | *7* | *6* | *6* |

ਅ. ਵਸਤਾਂ ਅਤੇ ਸੇਵਾਵਾਂ ਤੇ ਕਰ

*(₹ ਕਰੋੜ ਵਿੱਚ)*

| ਹਿੱਸੇ | 2018-19 | 2019-20 | 2020-21 | 2021-22 | 2022-23 |
|---|---|---|---|---|---|
| ਮਾਲੀਆ ਵਸੂਲੀ | 17,369 | 15,899 | 16,539 | 20,068 | 20,579 |
| ਵਸੂਲੀ ਦੇ ਖਰਚ | 202 | 227 | 250 | 264 | 302 |
| ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਸਤਾ | *1* | *1* | *2* | *1* | *1* |

## 2.5 ਕੇਂਦਰੀ ਕਰਾਂ/ਡਿਉਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਨ

*(₹ ਕਰੋੜ ਵਿੱਚ)*

| ਹਿੱਸੇ | 2018-19 | 2019-20 | 2020-21 | 2021-22 | 2022-23 |
|---|---|---|---|---|---|
| ਕੇਂਦਰੀ ਵਸਤੂ ਅਤੇ ਸੇਵਾ ਕਰ | 2,964 | 2,936 | 3,179 | 4,580 | 4,849 |
| ਇੰਟੀਗ੍ਰੇਟਿਡ ਵਸਤੂ ਅਤੇ ਸੇਵਾ ਕਰ | 237 | .. | .. | .. | .. |
| ਨਿਗਮ ਕਰ | 4,177 | 3,527 | 3,197 | 4,162 | 5,757 |
| ਨਿਗਮ ਕਰਾਂ ਤੋਂ ਇਲਾਵਾ ਆਮਦਨ ਤੇ ਕਰ | 3,076 | 2,764 | 3,276 | 4,714 | 5,616 |
| ਸੰਪਤੀ ਤੇ ਕਰ | 22 | .. | .. | .. | .. |
| ਕੇਂਦਰੀ ਕਰਾਧਾਨ ਕਰ | 1 | .. | .. | 1 | .. |
| ਕੇਂਦਰੀ ਆਬਕਾਰੀ ਕਰ | 851 | 656 | 577 | 1,091 | 675 |
| ਸੇਵਾ ਕਰ | 566 | 456 | 359 | 557 | 212 |
| ਵਸਤਾਂ ਅਤੇ ਸੇਵਾਵਾਂ ਤੇ ਹੋਰ ਕਰ | 109 | .. | 43 | 167 | 27 |
| | 2 | 7 | 7 | 16 | 28 |
| ***ਕੇਂਦਰੀ ਕਰਾਂ ਵਿੱਚ ਰਾਜ ਦਾ ਕੁੱਲ ਹਿੱਸਾ*** | **12,005** | **10,346** | **10,638** | **15,228** | **17,164** |
| ***ਕੁੱਲ ਕਰ ਆਮਦਨ*** | **43,580** | **40,341** | **40,691** | **52,615** | **59,407** |
| ਕੁਲ ਕਰ ਆਮਦਨ ਵਿੱਚ ਕੇਂਦਰੀ ਕਰਾਂ ਦੀ ਪ੍ਰਤੀਸ਼ਸਤਾ | *28* | *26* | *26* | *29* | *29* |


## 2.6 ਅਨੁਦਾਨ ਸਹਾਇਤਾ

ਅਨੁਦਾਨ ਸਹਾਇਤਾ ਭਾਰਤ ਸਰਕਾਰ ਵਲੋਂ ਪ੍ਰਾਪਤ ਸਹਾਇਤਾ ਨੂੰ ਦਰਸਾਉਂਦੀ ਹੈ, ਇਸ ਵਿਚ ਕੇਦਰ ਪ੍ਰਯੋਜਿਤ ਯੋਜਨਾ ਸਕੀਮਾਂ ਦੀਆਂ ਗ੍ਰਾਂਟ ਕੇਂਦਰ ਪ੍ਰਯੋਜਿਤ ਸਕੀਮਾ ਵਿੱਤ ਕਮੀਸ਼ਨ ਗ੍ਰਾਂਟਾ ਅਤੇ ਹੋਰ ਤਬਦੀਲੀ / ਗ੍ਰਾਂਟਾ ਸਾਮਿਲ ਹਨ। ਸਾਲ 2022-2 3 ਵਿਚ ਕੁੱਲ ₹ 21,977 ਕਰੋੜ ਦੀ ਅਨੁਦਾਨ ਸਹਾਇਤਾ ਪ੍ਰਾਪਤ ਹੋਈ ਜਿਸਦਾ ਵੇਰਵਾ ਹੇਠਾਂ ਦਿਤਾ ਗਿਆ ਹੈ :

*(₹ ਕਰੋੜ ਵਿੱਚ)*

| ਹਿੱਸੇ | ਰਕਮ |
|---|---|
| ਕੇਂਦਰ ਪ੍ਰਯੋਜਿਤ ਯੋਜਨਾ ਸਕੀਮਾਂ | (-)47 |
| ਕੇਂਦਰ ਪ੍ਰਯੋਜਿਤ ਸਕੀਮਾਂ | 3,777 |
| ਵਿੱਤ ਕਮੀਸ਼ਨ ਗ੍ਰਾਂਟ | 10,258 |
| ਹੋਰ ਤਬਦੀਲੀ/ਰਾਜ ਨੂੰ ਸਹਾਇਤਾ/ਸੰਘ ਖੇਤਰ ਵਿਧਾਨ ਸਭਾ | 7,989 |
| **ਕੁਲ ਅਨੁਦਾਨ ਸਹਾਇਤਾ** | **21,977** |

### ਅਨੁਦਾਨ ਸਹਾਇਤਾ ਦੇ ਹਿੱਸੇ




## 2.7 ਸਾਰਵਜਨਿਕ ਕਰਜ਼ੇ

*(₹ ਕਰੋੜ ਵਿੱਚ)*

| ਸਾਲ | 2018-19 | 2019-20 | 2020-21 | 2021-22 | 2022-23 |
|---|---|---|---|---|---|
| ਅੰਦਰੂਨੀ ਕਰਜ਼ੇ | 13,387 | 15,490 | 20,732 | 9,803 | 30,775 |
| ਕੇਂਦਰੀ ਕਰਜ਼ੇ | 940 | -288 | 8,329 | 12,094 | 393 |
| ਕੁੱਲ | 14,327 | 15,202 | 29,061 | 21,897 | 31,168 |

*ਨੋਟ : ਮਨਫੀ ਰਕਮ ਪ੍ਰਾਪਤੀਆਂ ਨਾਲੋਂ ਅਦਾਇਗੀ ਦੇ ਵੱਧ ਨੂੰ ਦਰਸਾਉਂਦੀ ਹੈ।*

### ਸਾਰਵਜਨਿਕ ਕਰਜੇ




ਸਾਲ 2022-23 ਦੌਰਾਨ ਕੁੱਲ ₹ 45,500 ਕਰੋੜ ਦੇ ਕੁਲ 25 ਮਾਰਕੀਟ ਕਰਜੇ ਲਿੱਤੇ ਗਏ ਜਿਨਾਂ ਦੀ ਵਿਆਜ ਦਰ 7.41 ਪੜ੍ਹੀਸ਼ਤ ਤੋਂ 8.04 ਪ੍ਰਤੀਸ਼ਤ ਹੈ, ਜਿਨਾਂ ਦੀ ਮਿਆਦ ਸਾਲ 2032, 2037 ਤੋਂ 2040, ਅਤੇ 2042 ਵਿੱਚ ਪੂਰੀ ਹੋਣਗੀ।


ਸਾਲ 2022-23 ਵਿੱਚ ਰਾਜ ਸਰਕਾਰ ਨੇ ₹ 88,581 ਕਰੋੜ ਦੇ ਅੰਦਰੂਨੀ ਕਰਜ਼ੇ ਅਤੇ ₹ 963 ਕਰੋੜ ਦੇ ਕੇਂਦਰ ਤੋਂ ਕਰਜ਼ੇ ਦੇ ਵਿਰੁੱਧ ਪੂੰਜੀਗਤ ਖਰਚਾ ਸਿਰਫ ₹ 6,667 ਕਰੋੜ (ਕੁੱਲ ਕਰਜ਼ੇ ਦਾ 7 ਪ੍ਰਤੀਸ਼ਤ) ਹੀ ਕੀਤਾ ਗਿਆ। ਇਸਤੋਂ ਪਤਾ ਲਗਦਾ ਹੈ ਕਿ ਸਾਰਵਜਨਿਕ ਕਰਜ਼ੇ ਬਿਨਾ ਪਰਗਤੀ ਵਾਲੇ ਕੰਮ ਲਈ ਹੀ ਵਰਤੇ ਗਏ।

### 2.7.1 ਪੂੰਜੀਗਤ ਖਰਚੇ ਤੇ ਉਧਾਰ ਲਏ ਫੰਡਾਂ ਵਿੱਚ ਅਨੁਪਾਤ

*(₹ ਕਰੋੜ ਵਿੱਚ)*

| ਸਾਲ | ਉਧਾਰ ਲਏ ਫੰਡ | ਪੂੰਜੀਗਤ ਖਰਚਾ |
|---|---|---|
| 2018-19 | 52,098 | 2,412 |
| 2019-20 | 54,776 | 17,828 |
| 2020-21 | 63,695 | 4,382 |
| 2021-22 | 41,175 | 8,010 |
| 2022-23 | 89,544 | 6,667 |

**ਉਧਾਰ ਲਏ ਫੰਡ ਵਿੱਚੋਂ ਪੂੰਜੀਗਤ ਖਰਚ**




ਆਰਥਿਕ ਅਤੇ ਸਮਾਜਿਕ ਢਾਂਚੇ ਦੀ ਰਚਨਾ/ਬਣਤਰ ਲਈ ਪੂੰਜੀ/ਸੰਪਤੀ ਲਈ ਆਮ ਤੌਰ ਤੇ ਸਰਕਾਰਾਂ ਵਿੱਤੀ ਘਾਟੇ ਜਾਂ ਉਧਾਰ ਫੰਡਾਂ ਨੂੰ ਚਾਲੂ ਰਖਦੀਆਂ ਹਨ। ਪੂੰਜੀਗਤ ਸੰਪਤੀ ਬਨਾਉਣ ਲਈ ਉਧਾਰ ਫੰਡਾਂ ਦਾ ਪੂਰਾ ਪ੍ਰਯੋਗ ਹੋਣਾ ਚਾਹੀਦਾ ਹੈ ਅਤੇ ਮਾਲੀਆ ਪ੍ਰਾਪਤੀਆਂ ਦਾ ਪ੍ਰਯੋਗ ਮੂਲ ਅਤੇ ਵਿਆਜ ਦੀ ਅਦਾਇਗੀ ਲਈ ਹੋਣਾ ਚਾਹੀਦਾ ਹੈ। ਫਿਰ ਵੀ ਸਰਕਾਰ ਨੇ ਇਸ ਸਾਲ ₹ 89,544 ਕਰੋੜ ਦੇ ਉਧਾਰ ਵਿੱਚੋਂ ਸਿਰਫ ₹ 6,667 ਕਰੋੜ ( 7 ਪ੍ਰਤੀਸ਼ਤ) ਪੂੰਜੀਗਤ ਖਰਚਾ ਕੀਤਾ। ਇਸਤੋਂ ਜਾਪਦਾ ਹੈ ਕਿ ਸਰਵਜਨਿਕ ਕਰਜੇ ਦਾ 93 ਪ੍ਰਤੀਸ਼ਤ ₹ 82,877 ਕਰੋੜ ਪਿਛਲੇ ਸਾਲ ਦੇ ਸਰਵਜਨਿਕ ਕਰਜੇ ਦੇ ਮੂਲ ਤੇ ਵਿਆਜ ਦੀ ਅਦਾਇਗੀ ਲਈ ਅਤੇ ਇਸ ਸਾਲ ਦੇ ਖਰਚੇ ਅਤੇ ਪ੍ਰਾਪਤੀਆਂ ਦੇ ਘਾਟੇ ਨੂੰ ਦਰੁਸਤ ਕਰਨ ਲਈ ਖਰਚ ਕੀਤਾ।

# ਅਧਿਆਇ III

# ਖਰਚੇ

## 3.1 ਭੂਮਿਕਾ

ਖਰਚ ਨੂੰ ਮਾਲੀਆ ਅਤੇ ਪੂੰਜੀਗਤ ਖਰਚ ਵਿੱਚ ਵੰਡਿਆ ਗਿਆ ਹੈ।ਮਾਲੀਆ ਖਰਚ ਸੰਗਠਨਾਂ ਦੇ ਹਰ ਰੋਜ਼ ਦੇ ਖਰਚਿਆਂ ਦੀ ਪੂਰਤੀ ਲਈ ਹੁੰਦਾ ਹੈ। ਪੂੰਜੀਗਤ ਖਰਚਾ ਸਥਾਈ ਸੰਪਦਾ ਪੈਦਾ ਕਰਨ ਲਈ ਜਾਂ ਸਥਾਈ ਸੰਪਦਾਵਾਂ ਦਾ ਉਪਯੋਗ ਵਧਾਉਣ ਲਈ ਜਾ ਸਥਾਈ ਦੇਣਦਾਰੀਆਂ ਨੂੰ ਘਟਾਉਣ ਲਈ ਕੀਤਾ ਜਾਂਦਾ ਹੈ।

**ਆਮ ਸੇਵਾਵਾਂ**: ਆਮ ਸੇਵਾਵਾਂ ਵਿੱਚ ਨਿਆਂ, ਪੁਲੀਸ, ਜੇਲ, ਪੀ.ਡਬਲਯੂ.ਡੀ ਪੈਨਸ਼ਨ ਆਦਿ ਸ਼ਾਮਲ ਹਨ।

**ਸਮਾਜਿਕ ਸੇਵਾਵਾਂ**: ਸਮਾਜਿਕ ਸੇਵਾਵਾਂ ਵਿੱਚ ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਪਾਣੀ ਸਪਲਾਈ ਅਤੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੀ ਭਲਾਈ ਅਦਿ ਸ਼ਾਮਲ ਹੈ।

**ਆਰਥਿਕ ਸੇਵਾਵਾਂ**: ਆਰਥਿਕ ਸੇਵਾਵਾਂ ਵਿੱਚ ਖੇਤੀਬਾੜੀ, ਪੇਂਡੂ ਵਿਕਾਸ, ਸਿੰਚਾਈ, ਸਹਿਕਾਰਤਾ, ਊਰਜਾ, ਉਦਯੋਗ, ਟ੍ਰਾਂਸਪੋਰਟ ਆਦਿ ਸ਼ਾਮਲ ਹਨ।

## 3.2 ਮਾਲੀਆ ਖਰਚਾ

ਸਾਲ 2022-23 ਵਿੱਚ ₹1,13,661 ਕਰੋੜ ਦਾ ਮਾਲੀਆ ਖਰਚ ਹੋਇਆ ਜੋ ਕਿ ਬਜ਼ਟ ਅਨੁਮਾਨਾਂ ਤੋਂ ₹ 5,724 ਕਰੋੜ ਵਾਧੂ ਹੈ।

ਮਾਲੀਆ ਸੈਕਸ਼ਨ ਵਿੱਚ ਬਜਟ ਅਨੁਮਾਨ ਦੇ ਮੁਕਾਬਲੇ ਖਰਚ ਵਿੱਚ ਅੰਤਰ ਦਾ ਪਿਛਲੇ 5 ਸਾਲਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:


*(₹ ਕਰੋੜ ਵਿੱਚ)*

| ਹਿੱਸੇ | 2018-19 | 2019-20 | 2020-21 | 2021-22 | 2022-23 |
|---|---|---|---|---|---|
| ਬਜਟ ਅਨੁਮਾਨ | 86,351 | 90,197 | 95,716 | 1,03,880 | 1,07,932 |
| ਅਸਲ ਖਰਚ | 75,404 | 75,859 | 86,345 | 96,636 | 1,13,661 |
| ਅੰਤਰ | 10,947 | 14,337 | 9,371 | 7,244 | (-)5,729 |
| ਬਜਟ ਅਨੁਮਾਨਾਂ ਤੇ ਅੰਤਰ ਦੀ ਪ੍ਰਤੀਸ਼ਤਤਾ | ***13*** | ***16*** | ***10*** | ***7*** | ***(-)5*** |

### 3.2.1 ਮਾਲੀਆ ਖਰਚੇ ਦੀ ਸੈਕਟਰਵਾਰ ਵੰਡ ( 2022-23 )


(₹ ਕਰੋੜ ਵਿੱਚ)

| ਲੜੀ ਨੰ | ਹਿੱਸੇ | ਰਕਮ | ਮਾਲੀਆ ਖਰਚ ਨਾਲ ਪ੍ਰਤੀਸ਼ਤਾ |
|---|---|---|---|
| ੳ. | ਆਮ ਸੇਵਾਵਾਂ | 54,003 | 48 |
| ੳ 1. | ਰਾਜ ਦੇ ਅੰਗ | 1,289 | 1 |
| ੳ 2. | ਵਿੱਤੀ ਸੇਵਾਵਾਂ | 555 | 1 |
| ੳ 3. | ਵਿਆਜ ਅਦਾਇਗੀ ਅਤੇ ਕਰਜੇ ਦੀ ਅਦਾਇਗੀ | 22,905 | 20 |
| ੳ 4. | ਪ੍ਰਸ਼ਾਸਨਿਕ ਸੇਵਾਵਾਂ | 10,131 | 9 |
| ੳ 5. | ਪੈਨਸ਼ਨ ਅਤੇ ਫੁਟਕਲ ਆਮ ਸੇਵਾਵਾਂ | 19,123 | 17 |
| ਅ. | ਸਮਾਜਿਕ ਸੇਵਾਵਾਂ | 28,849 | 25 |
| ੲ. | ਆਰਥਿਕ ਸੇਵਾਵਾਂ | 26,997 | 24 |
| ਸ. | ਅਨੁਦਾਨ ਸਹਾਇਤਾ ਅਤੇ ਅੰਸ਼ਦਾਨ | 3,812 | 3 |
| | ਕੁੱਲ | 1,13,661 | 100 |



### 3.2.2 ਮਾਲੀਆ ਖਰਚ ਦੇ ਮੁੱਖ ਹਿੱਸਿਆਂ ਦਾ ਰੁਝਾਨ

## ਮਾਲੀਆ ਖਰਚ ਦੇ ਮੁੱਖ ਹਿੱਸਿਆਂ ਦਾ ਰੁਝਾਨ




## 3.3 ਪੂੰਜੀਗਤ ਖਰਚੇ

ਸਾਲ 2022-23 ਵਿੱਚ ਪੂੰਜੀਗਤ ਭੁਗਤਾਨ ਸਕਲ ਰਾਜ ਘਰੇਲੂ ਉਤਪਾਦ ਦਾ 1 ਪ੍ਰਤੀਸ਼ਤ ਹੋਇਆ ਜੋ ਕਿ ਬਜਟ ਅਨੁਮਾਨ ਤੋਂ ₹3,932 ਕਰੋੜ ਘੱਟ ਸੀ।

### 3.3.1 ਪੂੰਜੀਗਤ ਖਰਚੇ ਦੀ ਸੈਕਟਰਵਾਰ ਵੰਡ


*(₹ ਕਰੋੜ ਵਿੱਚ)*

| ਲੜੀ ਨੰ. | ਭਾਗ | ਰਕਮ (₹ ਕਰੋੜ ਵਿੱਚ) | ਪ੍ਰਤੀਸ਼ਤਤਾ |
|---|---|---|---|
| ੳ. | ਆਮ ਸੇਵਾਵਾਂ- ਪੁਲਿਸ, ਲੋਕ ਨਿਰਮਾਣ ਆਦਿ | **225** | **3** |
| ਅ. | ਸਮਾਜਿਕ ਸੇਵਾਵਾਂ- ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਜਲ ਪੂਰਤੀ ਅਤੇ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਆਦਿ ਦੀ ਭਲਾਈ | **4,041** | **50** |
| ੲ. | ਆਰਥਿਕ ਸੇਵਾਵਾਂ- ਖੇਤੀਬਾੜੀ, ਦਿਹਾਤੀ ਵਿਕਾਸ, ਸਿੰਚਾਈ, ਸਹਿਕਾਰਤਾ ਊਰਜਾ, ਉਦਯੋਗ ਅਤੇ ਆਵਾਜਾਈ ਆਦਿ | **2,401** | **30** |
| ਸ. | ਕਰਜ਼ੇ ਅਤੇ ਪੇਸ਼ਗੀਆਂ ਦਾ ਭੁਗਤਾਨ | **1,382** | **17** |
| | ਕੁੱਲ | **8,049** | **100** |

### 3.3.2 ਪਿਛਲੇ 5 ਸਾਲਾਂ ਦੌਰਾਨ ਪੂੰਜੀਗਤ ਖਰਚੇ ਦੀ ਖੇਤਰ ਵਾਰ ਵੰਡ

(₹ ਕਰੋੜ ਵਿੱਚ)

| ਸਾਲ | ਆਮ ਸੇਵਾਵਾਂ | ਸਮਾਜਿਕ ਸੇਵਾਵਾਂ | ਆਰਥਿਕ ਸੇਵਾਵਾਂ | ਕਰਜ ਅਤੇ ਪੇਸ਼ਗੀਆਂ | ਕੁੱਲ |
|---|---|---|---|---|---|
| 2018-19 | 169 | 1,047 | 1,196 | 1,361 | 3,773 |
| 2019-20 | 154 | 965 | 16,709 | 784 | 18,612 |
| 2020-21 | 211 | 2,251 | 1,920 | 956 | 5,338 |
| 2021-22 | 264 | 2,911 | 4,835 | 1,576 | 9,586 |
| 2022-23 | 225 | 4,041 | 2,401 | 1,382 | 8,049 |





## 3.4 ਬਚਨਬੱਧ ਖਰਚੇ

(₹ ਕਰੋੜ ਵਿੱਚ)

| ਸਾਲ | ਤਨਖਾਹ | ਵਿਆਜ | ਪੈਨਸ਼ਨ | ਕੁੱਲ |
|---|---|---|---|---|
| 2018-19 | 20,300 | 16,306 | 10,089 | 46,695 |
| 2019-20 | 20,857 | 17,567 | 11,676 | 50,100 |
| 2020-21 | 21,198 | 18,152 | 14,777 | 54,127 |
| 2021-22 | 23,683 | 19,063 | 14,737 | 57,483 |
| 2022-23 | 27,584 | 19,905 | 18,221 | 65,710 |

## ਬਚਨਬੱਧ ਖਰਚੇ ਦਾ ਰੁਝਾਨ




**ਪ੍ਰਤੀਬੱਧ ਖਰਚੇ ਬਨਾਮ ਮਾਲੀਆ ਖਰਚੇ ਅਤੇ ਮਾਲੀਆ ਪ੍ਰਾਪਤੀਆਂ**

*(₹ ਕਰੋੜ ਵਿੱਚ)*

| ਹਿੱਸੇ | 2018-19 | 2019-20 | 2020-21 | 2021-22 | 2022-23 |
|---|---|---|---|---|---|
| ਪ੍ਰਤੀਬੱਧ ਖਰਚੇ | 46,695 | 50,100 | 54,127 | 57,483 | 65,710 |
| ਮਾਲੀਆ ਪ੍ਰਾਪਤੀਆਂ | 62,269 | 61,575 | 69,048 | 78,168 | 87,616 |
| ਪ੍ਰਤੀਬੱਧ ਖਰਚੇ ਤੇ ਮਾਲੀਆ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ | *75* | *81* | *78* | *74* | *75* |
| ਮਾਲੀਆ ਖਰਚੇ | 75,404 | 75,859 | 86,345 | 96,636 | 1,13,661 |
| ਪ੍ਰਤੀਬੱਧ ਖਰਚੇ ਤੇ ਮਾਲੀਆ ਖਰਚੇ ਦੀ ਪ੍ਰਤੀਸ਼ਤਤਾ | *62* | *66* | *63* | *60* | *58* |

ਪ੍ਰਤੀਬੱਧ ਖਰਚੇ ਦਾ ਉਪਰ ਵੱਲ ਰੁਝਾਣ ਸਰਕਾਰ ਦੇ ਵਿਕਾਸ ਖੇਤਰ ਲਈ ਘੱਟ ਲਚਕਤਾ ਦਰਸਾਉਂਦਾ ਹੈ।

# ਅਧਿਆਇ IV

# ਨਮਿੱਤਣ ਲੇਖੇ

## 4.1 ਸਾਲ 2022-23 ਲਈ ਨਮਿੱਤਣ ਲੇਖਿਆਂ ਦਾ ਸਾਰ

*(₹ ਕਰੋੜ ਵਿੱਚ)*

| ਲੜੀ ਨੰ. | ਖਰਚ ਦੀ ਕਿਸਮ | ਮੂਲ ਗ੍ਰਾਂਟ | ਅਨੁਪੂਰਕ ਗ੍ਰਾਂਟ | ਕੁਲ | ਅਸਲ ਖਰਚ | ਬਚਤ (−) ਵਧੀਕ (+) |
|---|---|---|---|---|---|---|
| 1. | **ਮਾਲੀਆ ਖਰਚ**<br>ਵੋਟਿਡ<br>ਚਾਰਜਡ | 86,592<br>21,340 | 9,015<br>2,099 | 95,607<br>23,439 | 90,502<br>23,236 | (-)5,105<br>(-)203 |
| 2. | **ਪੂੰਜੀਗਤ ਖਰਚੇ**<br>ਵੋਟਿਡ | 10,981 | 1,258 | 12,239 | 6,729 | (-)5,510 |
| 3. | **ਸਾਰਵਜਨਿਕ ਕਰਜੇ**<br>ਚਾਰਜਡ | 35,946 | 24,000 | 59,946 | 58,376 | (-)1,570 |
| 4. | **ਕਰਜੇ ਅਤੇ ਪੇਸ਼ਗੀਆਂ**<br>ਵੋਟਿਡ | 1,000 | 424 | 1,424 | 1,382 | (-)42 |
| | ਕੁਲ | 1,55,859 | 36,796 | 1,92,655 | 1,80,225 | (-)12,430 |

## 4.2 ਪਿਛਲੇ ਪੰਜ ਸਾਲਾਂ ਦੌਰਾਨ ਬਚਤ/ਵਧੀਕ ਦਾ ਰੁਝਾਨ

*(₹ ਕਰੋੜ ਵਿੱਚ)*

| ਬਚਤ (−) ਵਧੀਕ (+) | | | | | |
|---|---|---|---|---|---|
| ਸਾਲ | ਮਾਲੀਆ | ਪੂੰਜੀਗਤ | ਸਾਰਵਜਨਿਕ ਕਰਜ | ਕਰਜ਼ੇ ਤੇ ਪੇਸ਼ਗੀਆਂ | ਕੁਲ |
| 2018-19 | (-)11,695 | (-)4,083 | (-)853 | (-)270 | **(-)16,901** |
| 2019-20 | (-)17,106 | (-)4,816 | (-)5,066 | (-)190 | **(-)27,178** |
| 2020-21 | (-)14,778 | (-)5,741 | (-)13,294 | (-)106 | **(-)33,919** |
| 2021-22 | (-)15,255 | (-)7,916 | (-)29,234 | (-)430 | **(-)52,835** |
| 2022-23 | (-)5,308 | (-)5,510 | (-)1,570 | (-)42 | **(-)12,430** |

## 4.3 ਮਹੱਤਵਪੂਰਨ ਬੱਚਤਾਂ

ਕੁੱਝ ਸਕੀਮਾਂ/ਪ੍ਰੋਗਰਾਮਾਂ ਵਿੱਚ ਵਾਧੂ ਬੱਚਤਾਂ ਇਹ ਦਰਸਾਉਂਦੀਆਂ ਹਨ ਕਿ ਇਹ ਸਕੀਮਾਂ/ਪ੍ਰੋਗਰਾਮ ਜਾਂ ਤਾਂ ਹੋਲੀ ਲਾਗੂ ਹੋਏ ਜਾਂ ਬਿਲਕੁਲ ਲਾਗੂ ਨਹੀਂ ਹੋਏ।

ਲਗਾਤਾਰ ਅਤੇ ਮਹੱਤਵਪੂਰਣ ਬੱਚਤਾਂ ਵਾਲੀਆਂ ਕੁੱਝ ਅਨੁਦਾਨਾਂ ਹੇਠ ਲਿਖੀਆਂ ਹਨ:

ਪ੍ਰਤੀਸਸ਼ਤਾ

| ਅਨੁਦਾਨ ਨੰ | ਅਨੁਦਾਨ ਦਾ ਨਾਮ | 2018-19 | 2019-20 | 2020-21 | 2021-22 | 2022-23 |
|---|---|---|---|---|---|---|
| 6 | ਚੁਨਾਵ | 12 | 42 | 44 | 40 | 41 |
| 23 | ਪੇਡੂ ਵਿਕਾਸ ਅਤੇ ਪੰਚਾਇਤ | 62 | 67 | 36 | 50 | 30 |
| 28 | ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ | 59 | 42 | 36 | 61 | 46 |
| 31 | ਰੋਜਗਾਰ | 69 | 64 | 45 | 81 | 58 |
| 34 | ਬਾਗਵਾਨੀ | 6 | 45 | 43 | 80 | 48 |
| 42 | SC, ST, OBC ਅਤੇ ਘੱਟ ਗਿਣਤੀਆਂ ਦੀ ਭਲਾਈ | 52 | 63 | 49 | 49 | 37 |

ਸਾਲ 2022-23 ਦੌਰਾਨ ਕੁੱਝ ਅਜਿਹੀਆਂ ਮੂਲ ਅਨੁਦਾਨਾਂ ਹਨ ਜਿਨ੍ਹਾਂ ਵਿੱਚ ਕਾਫੀ ਬੱਚਤ ਹੋਈ ਫੇਰ ਵੀ ₹36,796 ਕਰੋੜ ਦੀਆਂ ਅਨੁਪੂਰਕ ਅਨੁਦਾਨਾਂ ਦਾ ਗੈਰ ਜ਼ਰੂਰੀ ਪ੍ਰਾਵਧਾਨ ਕੀਤਾ ਗਿਆ।

ਕੁੱਝ ਉਦਾਹਰਣ ਹੇਠਾਂ ਲਿਖੇ ਹਨ:

*(₹ ਕਰੋੜ ਵਿੱਚ)*

| ਅਨੁਦਾਨ ਨੰ. | ਅਨੁਦਾਨ ਦਾ ਨਾਮ | ਭਾਗ | ਮੂਲ | ਅਨੁਪੂਰਕ | ਅਸਲ ਖਰਚਾ |
|---|---|---|---|---|---|
| 5 | ਸਿੱਖਿਆ | ਮਾਲੀਆ (ਵ) | 14,374 | 768 | 14,301 |
| 17 | ਸਥਾਨਿਕ ਸਰਕਾਰ | ਪੂੰਜੀਗਤ (ਵ) | 3,098 | 362 | 2,270 |
| 22 | ਮਾਲੀਆ ਅਤੇ ਪੁਨਰਵਾਸ | ਮਾਲੀਆ (ਵ) | 1,885 | 99 | 1,384 |
| 23 | ਪੇਡੂ ਵਿਕਾਸ ਅਤੇ ਪੰਚਾਇਤ | ਮਾਲੀਆ (ਵ) | 2,405 | 702 | 2,295 |
| 31 | ਰੋਜਗਾਰ | ਮਾਲੀਆ (ਵ) | 169 | 28 | 83 |
| 42 | SC, ST, OBC ਅਤੇ ਘਟ ਗਿਨਤਿਆ ਦੀ ਭਲਾਈ | ਮਾਲੀਆ (ਵ)<br>ਪੂੰਜੀਗਤ (ਵ) | 947<br>265 | 46<br>36 | 616<br>194 |

ਸਾਲ ਦੇ ਅੰਤ ਵਿੱਚ ਅਨੁਪੂਰਕ ਵੰਡ ਤੋਂ ਬਾਅਦ ਵੀ ਵਾਧੂ ਖਰਚਾ ਹੋਨ ਤੇ ਅਨੁਦਾਨਾ ਦਾ ਉਦਾਹਰਨ ਹੇਠ ਲਿਖਿਆ ਹੈ :

| ਅਨੁਦਾਨ ਨੰ. | ਅਨੁਦਾਨ ਦਾ ਨਾਮ | ਭਾਗ | ਮੂਲ | ਅਨੁਪੂਰਕ | ਅਸਲ ਖਰਚਾ |
|---|---|---|---|---|---|
| 8 | ਵਿਤ | ਮਾਲੀਆ (ਵ) | 16,493 | 1,119 | 19,017 |
| 41 | ਜਲ ਵਿਤਰਣ ਅਤੇ ਸਵਛਤਾ | ਮਾਲੀਆ (ਵ) | 777 | 82 | 876 |

# ਅਧਿਆਇ V


# ਸੰਪਦਾ ਅਤੇ ਦੇਣਦਾਰੀਆਂ

## 5.1 ਸੰਪਦਾ

ਲੇਖਿਆ ਦਾ ਮੌਜੂਦਾ ਰੂਪ ਸਰਕਾਰੀ ਸੰਪਦਾਵਾਂ ਜਿਵੇਂ ਜ਼ਮੀਨ, ਇਮਾਰਤਾਂ ਆਦਿ (ਪ੍ਰਾਪਤੀ ਜਾਂ ਖਰੀਦ ਦੇ ਸਾਲ ਨੂੰ ਛੱਡ ਕੇ) ਦਾ ਅਸਾਨੀ ਨਾਲ ਮੁਲਾਂਕਣ ਨਹੀਂ ਕਰਦਾ। ਇਸ ਤਰਾਂ ਲੇਖੇ ਮੌਜੂਦਾ ਸਾਲ ਵਿੱਚ ਹੋਣ ਵਾਲੀਆਂ ਦੇਣਦਾਰੀਆਂ ਦਾ ਅਸਰ ਤਾਂ ਦਰਸਾਉਂਦੇ ਹਨ, ਪਰ ਆਉਣ ਵਾਲੀਆਂ ਪੀੜ੍ਹੀਆਂ ਤੇ (ਵਿਆਜ ਦਰ ਅਤੇ ਕਰਜ਼ੇ ਦੀ ਮਿਆਦ ਨੂੰ ਛੱਡ ਕੇ) ਕੋਈ ਹੋਰ ਅਸਰ ਨਹੀਂ ਦਰਸਾਉਂਦੇ ਹਨ।

ਸਾਲ 2022-23 ਦੇ ਅੰਤ ਤੱਕ ਕੁੱਲ ₹ 20,039 ਕਰੋੜ ਦਾ ਨਿਵੇਸ਼ ਹੋਇਆ। ਸਾਲ ਦੌਰਾਨ ₹ 3.11 ਕਰੋੜ ਦਾ ਲਾਭਾਂਸ਼ ਪ੍ਰਾਪਤ ਹੋਇਆ । 2022-23 ਵਿੱਚ ਕੁੱਲ ₹ 0.21 ਕਰੋੜ ਦਾ ਵਿਨਿਵੇਸ਼ ਹੋਇਆ।

1 ਅਪ੍ਰੈਲ 2022 ਨੂੰ ਭਾਰਤੀ ਰਿਜ਼ਰਵ ਬੈਂਕ ਵਿੱਚ ₹ 130 ਕਰੋੜ ਨਕਦ ਬਕਾਇਆ ਸੀ ਅਤੇ 31 ਮਾਰਚ 2023 ਨੂੰ ₹366 ਕਰੋੜ ਸੀ।



## 5.2 ਕਰਜੇ ਅਤੇ ਦੇਣਦਾਰੀਆਂ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 293 ਰਾਜ ਸਰਕਾਰ ਰਾਜ ਵਿਧਾਨ ਸਭਾ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤਾ ਗਿਆ ਅਜਿਹੀਆਂ ਸੀਮਾਵਾਂ, ਜੇ ਕੋਈ ਹੋਵੇ, ਦੇ ਅੰਦਰ ਰਾਜ ਦੇ ਏਕੀਕ੍ਰਿਤ ਫੰਡ ਦੀ ਸੁਰੱਖਿਆ ਤੇ ਉਧਾਰ ਲੈਣ ਦਾ ਅਧਿਕਾਰ ਦਿੰਦਾ ਹੈ।

31 ਮਾਰਚ 2023 ਨੂੰ ₹2,76,459 ਕਰੋੜ ਦੇ ਬਕਾਇਆ ਸਾਰਵਜਨਿਕ ਕਰਜੇ ਸੀ ਜਿਸ ਵਿੱਚ ₹2,50,972 ਕਰੋੜ ਦੇ ਅੰਦਰੂਨੀ ਕਰਜੇ ਅਤੇ ₹25,487 ਕਰੋੜ ਦੇ ਕੇਂਦਰੀ ਸਰਕਾਰ ਤੋਂ ਲਿੱਤੇ ਗਏ ਕਰਜ਼ੇ ਤੇ ਪੇਸ਼ਗੀਆਂ ਸ਼ਾਮਲ ਹਨ। ₹37,762 ਕਰੋੜ ਦੀਆਂ ਹੋਰ ਦੇਣਦਾਰੀਆਂ ਸਾਰਵਜਨਿਕ ਲੇਖੇ ਦੇ ਅਧੀਨ ਹਨ।

ਰਾਜ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ ਅਤੇ ਡਿਪਾਜ਼ਿਟ ਆਦਿ ਦੇ ਸਬੰਧ ਵਿੱਚ ਇੱਕ ਬੈਂਕਰ ਅਤੇ ਟਰੱਸਟੀ ਵਜੋਂ ਵੀ ਕੰਮ ਕਰਦਾ ਹੈ। 2022-23 ਦੌਰਾਨ ਰਾਜ ਸਰਕਾਰ ਦੀਆਂ ਅਜਿਹੀਆਂ ਦੇਣਦਾਰੀਆਂ ਦੇ ਸਬੰਧ ਵਿੱਚ ਕੁੱਲ ਮਿਲਾ ਕੇ ₹1,280 ਕਰੋੜ ਦਾ ਵਾਧਾ ਹੋਇਆ ਕਰਜ਼ੇ ਅਤੇ ਹੋਰ ਦੇਣਦਾਰੀਆਂ ਤੇ ਵਿਆਜ ਦੀਆਂ ਅਦਾਇਗੀਆਂ ਕੁੱਲ ₹19,848 ਕਰੋੜ ਸੀ ਜੋਕਿ ₹1,13,661 ਕਰੋੜ ਦੇ ਮਾਲੀਆ ਖਰਚੇ ਦਾ 17 ਪ੍ਰਤੀਸ਼ਤ ਹੈ। ਸਾਰਵਜਨਿਕ ਕਰਜ਼ਿਆਂ ਦੇ ਵਿਆਜ ਦੀ ਅਦਾਇਗੀ ₹17,632 ਕਰੋੜ (₹17,499 ਕਰੋੜ ਦੇ ਅੰਦਰੂਨੀ ਕਰਜ਼ੇ ਅਤੇ ₹133 ਕਰੋੜ ਕੇਂਦਰੀ ਸਰਕਾਰ ਤੋਂ ਲਏ ਗਏ ਕਰਜ਼ੇ ਤੇ ਪੇਸ਼ਗੀਆਂ ਦੇ ਵਿਆਜ ਉਪਰ ਹਨ)। ਸਾਲ 2022-23 ਵਿੱਚ ਵਿਆਜ ਅਦਾਇਗੀਆਂ ਦੇ ਖਰਚੇ ਵਿੱਚ 2021-22 ਦੇ ਮੁਕਾਬਲੇ ₹785 ਕਰੋੜ ਦਾ ਵਾਧਾ ਹੋਇਆ।

ਸਾਲ 2022-23 ਦੇ ਦੌਰਾਨ ₹88,581 ਕਰੋੜ ਦੇ ਲਏ ਗਏ ਅੰਦਰੂਨੀ ਕਰਜ਼ੇ ਮੁੱਖ ਤੌਰ ਤੇ ਦੇਣਦਾਰੀਆਂ (₹57,806 ਕਰੋੜ) ਅਤੇ ਵਿਆਜ ਦੀਆਂ ਅਦਾਇਗੀਆਂ (₹19,905 ਕਰੋੜ) ਲਈ ਵਰਤੇ ਗਏ।

ਸਾਰਵਜਨਿਕ ਕਰਜ਼ੇ ਅਤੇ ਰਾਜ ਸਰਕਾਰ ਦੀਆਂ ਕੁੱਲ ਦੇਣਦਾਰੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

*(₹ ਕਰੋੜ ਵਿੱਚ)*


| ਸਾਲ | ਜੀ ਐਸ ਡੀ ਪੀ* | ਸਾਰਵਜਨਿਕ ਕਰਜ਼ | ਜੀ ਐਸ ਡੀ ਪੀ ਨਾਲ ਪਤੀਸ਼ਤਤਾਂ | ਸਾਰਵਜਨਿਕ ਲੇਖੇ | ਜੀ ਐਸ ਡੀ ਪੀ ਨਾਲ ਪਤੀਸ਼ਤਤਾਂ | ਕੁੱਲ ਦੇਣਦਾਰੀਆਂ** | ਜੀ ਐਸ ਡੀ ਪੀ ਨਾਲ ਪਤੀਸ਼ਤਤਾਂ |
|---|---|---|---|---|---|---|---|
| 2018-19 | 5,12,510 | 1,79,131 | 35 | 32,856 | 6 | 2,12,012 | 41 |
| 2019-20 | 5,37,031 | 1,94,333 | 36 | 35,302 | 7 | 2,29,660 | 43 |
| 2020-21 | 5,40,853 | 2,23,394 | 41 | 36,007 | 7 | 2,59,426 | 48 |
| 2021-22 | 6,14,227 | 2,45,291 | 40 | 39,702 | 6 | 2,85,018 | 46 |
| 2022-23 | 6,73,107 | 2,76,459 | 41 | 44,441 | 7 | 3,20,925 | 48 |

* *ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ*

** *ਅਚੇਤ ਫੰਡ ਦੇ 25 ਕਰੋੜ ਰੁਪਏ ਸ਼ਾਮਲ ਹਨ*

ਪਿਛਲੇ ਪੰਜ ਸਾਲਾਂ ਵਿੱਚ ਨਿਰੋਲ ਦੇਣਦਾਰੀਆਂ ਵਿੱਚ ₹1,08,913 ਕਰੋੜ (51 ਪ੍ਰਤੀਸ਼ਤ) ਦਾ ਨਿਰੋਲ ਵਾਧਾ ਹੋਇਆ।

**ਸਰਕਾਰੀ ਦੇਣਦਾਰੀਆਂ ਦਾ ਰੁਝਾਨ**




## 5.3 ਗਰੰਟੀਆਂ

ਸਾਲ 2022-23 ਵਿੱਚ ਰਾਜ ਸਰਕਾਰ ਦੁਆਰਾ ਵੱਧ ਤੋਂ ਵੱਧ ₹27,809 ਕਰੋੜ ਦੀ ਗਰੰਟੀ ਅਧਿਨਿਯਮਿਤ ਕਾਰਪੋਰੇਸ਼ਨਾਂ, ਸਰਕਾਰੀ ਕੰਪਨੀਆਂ ਅਤੇ ਸਹਿਕਾਰੀ ਬੈਂਕਾਂ, ਸਥਾਨਕ ਸੰਸਥਾਵਾਂ ਦੁਆਰਾ ਲਏ ਕਰਜ਼ੇ ਦੀ ਵਾਪਸੀ ਲਈ ਦਿੱਤੀ ਗਈ ਜਦੋਂ ਕਿ 31 ਮਾਰਚ 2023 ਨੂੰ ₹20,208 ਕਰੋੜ ਦੀ ਰਕਮ ਬਕਾਇਆ ਸੀ। 2022-23 ਵਿੱਚ ₹200 ਕਰੋੜ ਦੀ ਰਕਮ ਗਰੰਟੀ ਫੀਸ ਵੱਜੋਂ ਪ੍ਰਾਪਤ ਹੋਣੀ ਸੀ। ਜਦਕਿ ਕੇਵਲ 2 ਅਦਾਰਿਆਂ ਵੱਲੋਂ ₹61 ਕਰੋੜ ਦੀ ਗਰੰਟੀ ਫੀਸ ਦਿੱਤੀ ਗਈ।

*(₹ ਕਰੋੜ ਵਿੱਚ)*

| ਵਿੱਤੀ ਸਾਲ | ਵੱਧ ਤੋਂ ਵੱਧ ਦਿੱਤੀ ਗਈ ਗਰੰਟੀ | ਸਾਲ ਦੇ ਅੰਤ ਵਿੱਚ ਬਕਾਇਆ ਰਕਮ |
|---|---|---|
| 2018-19 | 14,287 | 23,816 |
| 2019-20 | 14,434 | 25,352 |
| 2020-21 | 23,170 | 23,552 |
| 2021-22 | 25,850 | 20,165 |
| 2022-23 | 27,809 | 20,208 |

# ਅਧਿਆਇ VI

# ਹੋਰ ਮੱਦਾ

## 6.1 ਵਸਤੂ ਅਤੇ ਸੇਵਾ ਟੈਕਸ (GST) :

ਸਾਲ 2022-23 ਦੌਰਾਨ ਰਾਜ ਮਾਲ ਅਤੇ ਸੇਵਾਂਵਾਂ ਕਰ (SGST) ਦੀ ਪ੍ਰਾਪਤੀ ₹ 18,128 ਕਰੋੜ ਹੋਈ, ਜਦੋਂ ਕਿ ਸਾਲ 2021-22 ਦੌਰਾਨ ਕੁਲੈਕਸ਼ਨ ₹ 15,542 ਕਰੋੜ ਜੋ ਕਿ ₹ 2,586 ਕਰੋੜ ਵਧ ਹੈ। ਇਸ ਤੋ ਇਲਾਵਾ ਰਾਜ ਵਲੋ 14 ਵੇਂ ਵਿਤ ਕਮੀਸਨ ਦੀਆਂ ਸਿਫਾਰਿਸ਼ਾਂ ਅਨੁਸਾਰ ਰੁਪਏ 4,580 ਕਰੋੜ ਰੁਪਏ CGST ਵਿਚੋ ਆਪਣਾ ਹਿਸਾ ਪ੍ਰਾਪਤ ਕੀਤਾ। GST ਅਧੀਨ ਕੁਲ ਪ੍ਰਾਪਤੀਆਂ 20,122 ਕਰੋੜ ਰੁਪਏ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਸਾਲ 2021-22 ਦੌਰਾਨ 4,442 ਕਰੋੜ ਰੁਪਏ GST ਲਾਗੂ ਹੋਣ ਕਾਰਨ ਹੋਏ ਨੁਕਸਾਨ ਵਜੋ ਪ੍ਰਾਪਤ ਹੋਏ।

## 6.2 ਬਕਾਇਆ ਬਿਉਰੇਵਾਰ ਅਗੇਤੇ ਸੰਭਾਵੀ ਬਿੱਲ :

ਡਰਾਇੰਗ ਅਤੇ ਵੰਡਣ ਵਾਲੇ ਅਧਿਕਾਰੀ ਸਰਵਿਸ ਹੈੱਡਾਂ ਨੂੰ ਡੈਬਿਟ ਕਰਕੇ ਐਬਸਟਰੈਕਟ ਕੰਟੀਜੈਂਟ (AC) ਬਿਲ ਤਿਆਰ ਕਰਕੇ ਪੈਸੇ ਕੱਢਣ ਲਈ ਅਧਿਕਾਰਤ ਹਨ। ਉਹਨਾਂ ਨੂੰ 11 ਨਵੰਬਰ ਅਤੇ 19 ਦਸੰਬਰ 2016 ਨੂੰ ਰਾਜ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੇ ਅਨੁਸਾਰ ਸੋਧੇ ਹੋਏ ਪੰਜਾਬ ਖਜ਼ਾਨਾ ਨਿਯਮਾਂ ਦੇ ਨਿਯਮ 274 ਦੇ ਤਹਿਤ 6 ਮਹੀਨਿਆਂ ਦੇ ਅੰਦਰ ਇਹਨਾਂ ਸਾਰੇ ਬਿੱਲਾਂ ਦੇ ਵਿਰੁਧ ਵਿੱਚ ਕੰਟਰੋਲਿੰਗ ਅਫਸਰ ਦੁਆਰਾ ਵਿਵਸਥਿਤ ਤੌਰ ਤੇ ਪ੍ਰਤੀ ਦਸਤਖਤ ਕੀਤੇ ਵਿਸਤ੍ਰਿਤ ਕੰਟੀਨਜੈਂਟ (DC) ਬਿੱਲਾਂ ਨੂੰ ਪੇਸ਼ ਕਰਨ ਦੀ ਲੋੜ ਹੁੰਦੀ ਹੈ। ਲੰਬੇ ਸਮੇਂ ਤੱਕ ਅਨੁਸਾਰੀ (DC) ਬਿੱਲਾਂ ਨੂੰ ਜਮ੍ਹਾ ਨਹੀਂ ਕਰਨਾ AC ਬਿੱਲਾਂ ਦੇ ਅਧੀਨ ਖਰਚੇ ਨੂੰ ਅਪਾਰਦਰਸ਼ੀ ਬਣਾਉਂਦਾ ਹੈ।

31 ਮਾਰਚ 2023 ਤੱਕ ਦੇ ਬਕਾਇਆ ਬਿਉਰੇਵਾਰ ਸੰਭਾਵੀ ਬਿੱਲ ਹੇਠ ਲਿਖੇ ਹਨ:

| ਸਾਲ | ਬਕਾਇਆ ਬਿਉਰੇਬਰ ਸੰਭਾਵੀ ਬਿੱਲ | |
|---|---|---|
| | ਗਿਣਤੀ | ਰਕਮ *(₹ ਕਰੋੜ ਵਿੱਚ)* |
| 2021-22 ਤੱਕ | 1006 | 1,963 |
| 2022-23 (ਸਤੰਬਰ 2022 ਤੱਕ ਕਢਵਾਏ ਗਏ) | 1068 | 3,805 |
| **ਕੁੱਲ** | **2074** | **5,768** |

## 6.3 ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਦੇ ਬਕਾਇਆ ਵਰਤੋਂ ਸਰਟੀਫੀਕੇਟ :

ਪੰਜਾਬ ਵਿੱਤੀ ਨਿਯਮ ਵਾਲੂਯਮ ਦੇ ਨਿਯਮ 8.14 (ਲ) ਮੁਤਾਬਿਕ ਵਰਤੋਂ ਸਰਟੀਫਿਕੇਟ ਅਨੁਦਾਨ ਸਹਾਇਤਾ ਦੀ ਸਵੀਕ੍ਰਿਤੀ ਤੋਂ 18 ਮਹੀਨੇ ਦੇ ਅੰਦਰ ਸਹਾਲੇਖਾਕਾਰ ਪੰਜਾਬ ਨੂੰ ਪੇਸ਼ ਕਰਨੇ ਚਾਹੀਦੇ ਹਨ। ਬਕਾਇਆ ਵਰਤੋਂ ਸਰਟੀਫਿਕੇਟਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹਨ :

| ਸਾਲ | ਪ੍ਰਾਪਤ ਹੋਣ ਵਾਲ ਵਰਤੋ ਸਰਦੀਫੀਕੇਟਾਂ ਦੀ ਗਿਣਤੀ | ਰਕਮ (₹ ਕਰੋੜਾਂ ਵਿਚ) |
|---|---|---|
| 2021-22 ਤੱਕ | 194 | 361 |
| 2022-23 (ਮਹੀਨਾ ਸਤੰਬਰ 2021 ਤੱਕ ਡਰਾਅ ਕੀਤੇ) | 598 | 3,313 |
| ਕੁੱਲ | **792** | **3,674** |

(ਉਪਰ ਜਿਕਰ ਕੀਤਾ ਸਾਲ ਡਿਓ ਸਾਲ ਨਾਲ ਸਬੰਧਤ ਹੈ ਯਾਨੀ ਅਸਲ ਡਰਾਅਲ ਤੋਂ ਅਠਾਰਾ ਮਹੀਨਿਆ ਬਾਅਦ)

ਵਰਤੋਂ ਸਰਟੀਫੀਕੇਟਾਂ ਦਾ ਦੇਰ ਨਾਲ ਪੇਸ ਹੋਣਾ ਜਾ ਨਾਂ ਭੇਜਣ ਨਾਲ ਫੰਡਾ ਦੀ ਵਰਤੋ ਸਹੀ ਕੰਮਾ ਉੱਤੇ ਹੋਣ ਵਿੱਚ ਅੰਦੇਸ਼ਾ ਰਹਿੰਦਾ ਹੈ।

## 6.4 ਸਮੇਕਿਤ ਕਰਜ਼ ਭੁਗਤਾਨ ਫੰਡ :

ਪੰਜਾਬ ਸਰਕਾਰ ਨੇ 20 ਦਸੰਬਰ 2006 ਦੇ ਹੁਕਮਾਂ ਰਾਹੀ ਸਮੇਕਿਤ ਕਰਜ ਭੁਗਤਾਨ ਫੰਡ ਦੀ ਸਥਾਪਨਾ ਕੀਤੀ । ਰਾਜ ਸਰਕਾਰ ਦੁਆਰਾ ਪਿਛਲੇ ਵਿੱਤੀ ਸਾਲ ਦੇ ਅੰਤ ਤੇ ਬਕਾਇਆ ਦੇਣਕਾਰੀ ਦੀ ਰਕਮ ਦਾ ਘੱਟੋ-ਘੱਟ 0.50 ਪ੍ਰਤੀਸ਼ਤ ਦਾ ਯੋਗਦਾਨ ਕੀਤਾ ਜਾਣਾ ਸੀ। ਸਾਲ 2022-23 ਵਿੱਚ, ਸਰਕਾਰ ਨੇ ₹ 1,283 ਕਰੋੜ ਦੇ ਘੱਟੋ-ਘੱਟ ਲੋੜੀਂਦੇ ਯੋਗਦਾਨ ਦੇ ਮੁਕਾਬਲੇ ਫੰਡ ਵਿੱਚ ₹3,000 ਕਰੋੜ ਦਾ ਯੋਗਦਾਨ ਪਾਇਆ। 31 ਮਾਰਚ 2023 ਤੱਕ ਫੰਡ ਵਿੱਚ ਕੁੱਲ ਇਕੱਤਰਤਾ ₹6,352 ਕਰੋੜ ਸੀ।

## 6.5 ਗਰੰਟੀ ਰਿਡੰਮਪਸ਼ਨ ਫੰਡ :

ਬਾਹਰਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾ ਮੁਤਾਬਿਕ ਰਾਜ ਸਰਕਾਰ ਨੇ ਦਸੰਬਰ 2007 ਨੂੰ (ਜਿਸਦੀ ਸੋਧ ਸਾਲ 2013-14 ਲਈ 8 ਜਨਵਰੀ 2014 ਨੂੰ ਕੀਤੀ ਗਈ ਅਤੇ ਫਿਰ ਦੁਬਾਰਾ ਸੋਧ 2017-18 ਲਈ 23 ਅਕਤੂਬਰ 2018 ਨੂੰ ਕੀਤੀ ਗਈ) ਜਿਸਦਾ ਉਦੇਸ਼ ਰਾਜ ਪੱਧਰ ਦੀਆਂ ਸੰਸਥਾਵਾਂ ਨੂੰ ਗਰੰਟੀ ਦੇਣ ਵਜੋਂ ਪੈਦਾ ਹੋਈਆ ਇਖਲਾਕੀ ਬੰਦਿਸ਼ਾ ਨੂੰ ਪੂਰਾ ਕਰਨਾ ਸੀ। ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਫੰਡ ਦੀ ਸਥਾਪਨਾ ਸਰਕਾਰ ਦੁਆਰਾ ਪਿਛਲੇ ਸਾਲ ਦੇ ਅੰਤ ਵਿੱਚ ਬਕਾਇਆ ਗਾਰੰਟੀ ਦੇ ਘੱਟੋ-ਘੱਟ ਇੱਕ ਪ੍ਰਤੀਸ਼ਤ ਦੇ ਸ਼ੁਰੂਆਤੀ ਯੋਗਦਾਨ ਨਾਲ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਘੱਟੋ-ਘੱਟ 3.00 ਪ੍ਰਤੀਸ਼ਤ ਦੇ ਪੱਧਰ ਪ੍ਰਾਪਤ ਕਰਨ ਲਈ ਹਰ ਸਾਲ ਘੱਟੋ-ਘੱਟ 0.50 ਪ੍ਰਤੀਸ਼ਤ ਵਧਾਣਾ ਸੀ ਅਤੇ ਅਗਲੇ ਪੰਜ ਸਾਲਾਂ ਵਿੱਚ ਫੰਡ ਹੌਲੀ-ਹੌਲੀ 5.00 ਪ੍ਰਤੀਸ਼ਤ ਦੇ ਇੱਛਤ ਪੱਧਰ ਤੱਕ ਵਧਾ ਦਿੱਤਾ ਜਾਵੇਗਾ। ਸਾਲ ਦੋਰਾਨ ਸਰਕਾਰ ਵੱਲੋ ₹605 ਕਰੋੜ ਦੇ ਬਣਦੇ ਘਟੋ ਘੱਟ ਯੋਗਦਾਨ ਵਿਰੁਧ ਕੋਈ ਯੋਗਦਾਨ ਨਹੀ ਕੀਤਾ। ਇਸ ਤੋਂ ਇਲਾਵਾ, ਸਕੀਮ ਦੇ ਉਪਬੰਧ ਦੇ ਅਨੁਸਾਰ, ਇਕੱਠੀ ਕੀਤੀ ਗਈ ਗਰੰਟੀ ਫੀਸ ਫੰਡ ਵਿੱਚ ਟ੍ਰਾਂਸਫਰ ਕਰਨ ਦੀ ਲੋੜ ਹੁੰਦੀ ਹੈ। ਸਾਲ 2022-23 ਦੌਰਾਨ ਇਕੱਠੀ ਕੀਤੀ ਗਈ ₹ 61 ਕਰੋੜ ਦੀ ਗਰੰਟੀ ਫੀਸ ਫੰਡ ਵਿੱਚ ਤਬਦੀਲ ਨਹੀਂ ਕੀਤਾ ਗਿਆ ਹੈ। ਫੰਡ ਵਿੱਚ ₹61 ਕਰੋੜ ਦੀ ਗਰੰਟੀ ਫੀਸ ਦਾ ਤਬਾਦਲਾ ਨਾ ਕਰਨ ਦੇ ਨਤੀਜੇ ਵਜੋਂ ਮਾਲੀਆ ਰਸੀਦਾਂ ਵਿੱਚ ਵਾਧਾ ਹੋਇਆ ਹੈ।

## 6.6 ਵਿਭਾਗੀ ਅਫਸਰਾਂ ਕੋਲ ਨਕਦ :

ਕੋਡਲ ਪ੍ਰਬੰਧਾਂ ਦੇ ਅਨੁਸਾਰ, ਲੋਕ ਨਿਰਮਾਣ ਡਿਵੀਜ਼ਨਾਂ ਦੁਆਰਾ ਗੈਰ-ਸਰਕਾਰੀ ਏਜੰਸੀਆਂ ਤੋਂ ਡਿਪਾਜ਼ਿਟ ਵਰਕਸ ਲਈ ਪ੍ਰਾਪਤ ਕੀਤੇ ਫੰਡਾਂ ਨੂੰ ਮੇਜਰ ਹੈਡ 8443-ਸਿਵਲ ਡਿਪਾਜ਼ਿਟ ਮਾਈਨਰ ਹੈਡ 108-ਲੋਕ ਵਰਕਸ ਡਿਪਾਜ਼ਿਟ ਹੇਠਾਂ ਕ੍ਰੈਡਿਟ ਕੀਤਾ ਜਾਣਾ ਜ਼ਰੂਰੀ ਹੈ। ਸਬੰਧਤ ਡਿਪਾਜ਼ਿਟ ਕੰਮਾਂ ਲਈ ਖਰਚੇ ਵੀ ਖਾਤੇ ਦੇ ਉਸੇ ਸਿਰਲੇਖ ਤੋਂ ਪੂਰੇ ਕੀਤੇ ਜਾਂਦੇ ਹਨ। ਮਾਸਿਕ ਡਿਵੀਜ਼ਨਲ ਖਾਤਿਆਂ ਵਿੱਚ ਅਜਿਹੀਆਂ ਜਮ੍ਹਾਂ ਰਕਮਾਂ ਨੂੰ ਮੇਜਰ ਹੈਡ 8671-ਵਿਭਾਗੀ ਬਕਾਏ, 101- ਸਿਵਲ, PWD ਡਿਵੀਜ਼ਨਾਂ ਦੁਆਰਾ ਦਰਸਾਇਆ ਜਾਂਦਾ ਹੈ, ਇਸ ਲਈ ਇਹ ਸਰਕਾਰੀ ਖਾਤਿਆਂ ਦਾ ਹਿੱਸਾ ਤਾਂ ਬਣ ਜਾਂਦਾ ਹੈ ਹਾਲਾਂਕਿ, ਡਿਪਾਜ਼ਿਟ ਵਰਕਸ ਲਈ ਪ੍ਰਾਪਤ ਫੰਡਾਂ ਨੂੰ ਖਜ਼ਾਨੇ ਦੀ ਬਜਾਏ ਪੀਡਬਲਯੂ ਡਿਵੀਜ਼ਨਾਂ ਦੁਆਰਾ ਸੰਚਾਲਿਤ ਡਿਵੀਜ਼ਨਲ ਅਫਸਰਾਂ ਦੇ ਬੈਂਕ ਖਾਤਿਆਂ ਵਿੱਚ ਰੱਖਿਆ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਭਾਰਤੀ ਰਿਜ਼ਰਵ ਬੈਂਕ ਕੋਲ ਰਾਜ ਦੇ ਨਕਦ ਬਕਾਏ ਦਾ ਹਿੱਸਾ ਨਹੀਂ ਬਣਦਾ ਹੈ।

ਰਾਜ ਸਰਕਾਰ ਨੇ ਮਾਰਚ 2015 ਵਿੱਚ, ਪਬਲਿਕ ਵਰਕਸ ਡਿਵੀਜ਼ਨਾਂ ਨੂੰ 8443- ਸਿਵਲ ਡਿਪਾਜ਼ਿਟ 108-ਪੀਡਬਯੂ ਡਿਪਾਜ਼ਿਟ ਦੇ ਤਤਹਿਤ ਖਜ਼ਾਨਾ ਵਿੱਚ ਖੋਲ੍ਹੇ ਜਾਣ ਵਾਲੇ ਖਾਤਿਆਂ ਵਿੱਚ ਫੰਡ ਜਮ੍ਹਾ ਕਰਨ ਦਾ ਨਿਰਦੇਸ਼ ਦਿੱਤਾ। ਹਾਲਾਂਕਿ, ਉਪਰੋਕਤ ਮਿਤੀ ਦੇ ਹੁਕਮਾਂ ਦੇ ਬਾਵਜੂਦ, ਡਿਵੀਜ਼ਨਲ ਅਧਿਕਾਰੀ ਅਜੇ ਵੀ ਆਪਣੇ ਬੈਂਕ ਖਾਤਿਆਂ ਵਿੱਚ ਫੰਡ ਜਮ੍ਹਾ ਕਰਵਾ ਰਹੇ ਹਨ। 31 ਮਾਰਚ 2023 ਤੱਕ, ਪਬਲਿਕ ਵਰਕਸ ਡਿਵੀਜ਼ਨਲ ਅਫਸਰਾਂ ਦੇ ਬੈਂਕ ਖਾਤਿਆਂ ਵਿੱਚ ₹ 1,312 ਕਰੋੜ ਦੀ ਰਕਮ ਪਈ ਸੀ। ਜੇਕਰ ਫੰਡ ਖਜ਼ਾਨੇ ਵਿੱਚ ਜਮ੍ਹਾ ਕੀਤੇ ਜਾਂਦੇ ਸਨ, ਤਾਂ ਰਾਜ ਸਰਕਾਰ ਦੇ ਰੋਜ਼ਾਨਾ ਨਕਦ ਬਕਾਏ ਤੇ ਵੀ ਇਸ ਦਾ ਅਸਰ ਪਵੇਗਾ।

## 6.7 ਰਾਜ ਸਰਕਾਰ ਦੁਆਰਾ ਦਿੱਤੇ ਗਏ ਕਰਜ਼ੇ ਅਤੇ ਅਡਵਾਂਸ :

ਸਾਲ 2022-23 ਦੇ ਅਖੀਰ ਤੱਕ ਰਾਜ ਸਰਕਾਰ ਵੱਲੋਂ ਕੁਲ ਕਰਜ਼ੇ ਅਤੇ ਅਡਵਾਂਸ ₹ 38,888 ਕਰੋੜ ਸੀ। ਸਾਲ 2022-23 ਵਿੱਚ ਰਾਜ ਸਰਕਾਰ ਨੇ ਕੁੱਲ ₹ 1,382 ਕਰੋੜ ਉਧਾਰ ਅਤੇ ਪੇਸ਼ਗੀਆਂ ਵੱਜੋਂ ਦੀਤੇ। ਰਾਜ ਸਰਕਾਰ ਨੇ ₹ 164 ਕਰੋੜ (ਸਰਕਾਰੀ ਕਰਮਚਾਰਿਆਂ ਦੁਆਰਾ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਵੱਜੋਂ ₹ 32 ਕਰੋੜ ਅਤੇ ਹੋਰ ਬਕਾਇਆ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਦੇ ਰੂਪ ਵਿੱਚ ₹ 132 ਕਰੋੜ ਪ੍ਰਾਪਤ ਕੀਤੇ) ਜੋ ਕਿ 1 ਅਪ੍ਰੈਲ 2023 ਨੂੰ ਕੁੱਲ ਬਕਾਇਆ ਕਰਜ਼ਿਆਂ ਅਤੇ ਅਡਵਾਂਸ (₹ 38,888 ਕਰੋੜ) ਦਾ 0.57 ਫ਼ੀਸਦੀ ਹੈ। ਬਕਾਇਆ ਕਰਜ਼ੇ ਅਤੇ ਅਡਵਾਂਸ ਨੂੰ ਵਾਪਸ ਲੈਣ ਵਾਸਤੇ ਉਠਾਏ ਗਏ ਠੋਸ ਕਦਮ ਸਰਕਾਰ ਦੀ ਵਿੱਤੀ ਸਥਿਤੀ ਸੁਧਾਰਣ ਵਿੱਚ ਮਦਦਗਾਰ ਹੋਣਗੇ।

## 6.8 ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ :

ਪੰਜਾਬ ਸਰਕਾਰ ਦੇ ਲੇਖੇ ਦੇ ਪ੍ਰਾਪਤੀਆਂ ਅਤੇ ਖਰਚੇ ਦਾ ਸੰਕਲਨ 21 ਜਿਲਾ ਖਜਾਨਾ, 142 ਜਨਤਕ ਵਰਕਸ ਮੰਡਲ (70 ਇਮਾਰਤ ਅਤੇ ਸੜਕ 19 ਪੰਚਾਇਤੀ ਰਾਜ 53 ਜਲ ਸਪਲਾਈ ਅਤੇ ਸੈਨੀਟੇਸ਼ਨ) 53 ਜਲ ਸਰੋਤ ਮੰਡਲ, 38 ਜੰਗਲਾਤ ਮੰਡਲ ਅਤੇ ਰਿਜ਼ਰਵ ਬੈਂਕ ਦੀ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ। ਵਿੱਤੀ ਸਾਲ ਦੋਰਾਨ ਕੋਈ ਵੀ ਲੇਖਾ ਏਕਸਕਲੁਡ ਨਹੀ ਕੀਤਾ ਗਿਆ।

## 6.9 ਲੇਖਿਆਂ ਦਾ ਮਿਲਾਨ :

ਵਿਭਾਗਾਂ ਦੇ ਮੁਖੀ ਅਤੇ ਮਹਾਲੇ ਖਾਕਾਰ (ਲੇ.ਵ.ਹ.) ਆਂਕੜਾ ਦਾ ਮਿਲਾਨ ਅਤੇ ਗਲਤ ਵਰਗੀਕਰਨ ਨੂੰ ਠੀਕ ਕਰਨ ਲਈ ਸਾਝੇ ਤੌਰ ਤੇ ਜ਼ਿੰਮੇਵਾਰ ਹਨ। ਖਰਚੇ ਅਤੇ ਰਸੀਦਾਂ ਦੇ ਮਦਾਂ ਦਾ ਅਜਿਹਾ ਮਿਲਾਨ ਜਿੰਮੇਵਾਰ ਸਾਰੇ ਮੁਖ ਨਿਅਤਰਣ ਅਫਸਰਾਂ (ਸੀ.ਸੀ.ਓ) ਦਵਾਰਾ ਪੂਰਾ ਕਰ ਲਿੱਤਾ ਗਿਆ ਹੈ।

## 6.10 ਨੈਸ਼ਨਲ ਪੈਨਸ਼ਨ ਸਿਸਟਮ (NPS) :

2022-23 ਦੌਰਾਨ ਨੈਸ਼ਨਲ ਪੈਨਸ਼ਨ ਸਿਸਟਮ ਵਿੱਚ ਕੁੱਲ ਯੋਗਦਾਨ ₹ 2,899 ਕਰੋੜ ਸੀ (ਕਰਮਚਾਰਿਆਂ ਦਾ ਯੋਗਦਾਨ ₹ 1,199 ਕਰੋੜ ਅਤੇ ਸਰਕਾਰ ਦਾ ਯੋਗਦਾਨ ₹1,700.67 ਕਰੋੜ)। ਸਰਕਾਰ ਦੇ ਯੋਗਦਾਨ ਬਾਰੇ ਵਿਸਤਾਰ ਸਹਿਤ ਸੂਚਨਾ ਵਿੱਤ ਲੇਖਿਆਂ ਦੀ ਸਟੇਟ ਮੈਂਟ 15 ਵਿੱਚ ਉਪਲਬਧ ਹੈ। ਸਰਕਾਰ ਨੇ ₹ 2,899.14 ਕਰੋੜ ਲੋਕ ਲੇਖੇ ਅਧੀਨ ਮੁਖ ਸਦ 8342-117 ਪਰੀਭਾਸ਼ਿਤ ਯੋਗਦਾਨ ਪੈਨਸ਼ਨ ਸਕੀਮ ਵਿੱਚ ਟਰਾਂਸਫਰ ਕਿੱਤੇ। ਪਿਛਲੇ ਸਾਂਲਾ ਦੀ ₹123 ਕਰੋੜ ਦੀ ਰਕਮ ਅਜੇ ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀ ਲਿਮਟਿਡ (NSDL) ਨੂੰ ਟਰਾਂਸਫਰ ਕੀਤੀ ਜਾਣੀ ਬਾਕੀ ਹੈ।

ਪੰਜਾਬ ਰਾਜ ਸਰਕਾਰ ਨੇ ਮਿਤੀ 18 ਨਵੰਬਰ 2022 ਦੀ ਨੋਟੀਫਿਕੇਸ਼ਨ ਰਾਹੀ ਪੁਰਾਣੀ ਪੈਨਸ਼ਨ ਸਕੀਮ (ਓ.ਪੀ.ਐਮ) ਨੂੰ ਵਾਪਸ ਕਰਨ ਬਾਰੇ ਸੂਚਿਤ ਕੀਤਾ ਹੈ, ਜਿਸ ਵਿੱਚ ਇਹ ਦੱਸਿਆ ਗਿਆ ਸੀ ਕਿ ਨੋਟੀਫਿਕੇਸ਼ਨ ਦੇ ਅਨੁਸਾਰ ਵਿਸਤ੍ਰਿਤ ਸਕੀਮ ਅਤੇ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ ਨਿਰਧਾਰਤ ਸਮੇ ਵਿੱਚ ਜਾਰੀ ਕੀਤੀਆਂ ਜਾਣਗੀਆਂ।

## 6.11 ਰਾਜ ਮੁਆਵਜ਼ਾ ਵਣਨ ਫੰਡ :

ਸੰਸਦ ਨੇ 3 ਅਗਸਤ, 2016 ਨੂੰ ਦੋ ਕੰਪੇਨਸਟਰੀ ਫੋਰੈਸਟ੍ਰੇਨ ਫੰਡ ਐਕਟ, 2016 ਨੂੰ ਲਾਗੂ ਕੀਤਾ ਹੈ। ਇਸ ਐਕਟ ਦੇ ਉਦੇ੍ਹ ਲਈ, ਪੰਜਾਬ ਸਰਕਾਰ ਦੁਆਰਾ ਪਬਲਿਕ ਅਕਾਉਂਟ ਦੇ ਤਹਿਤ ਪੰਜਾਬ ਸਟੇਟ ਕੰਪੇਨਸਟਰੀ ਫੋਰੈਸਟੇਸ਼ਨ ਫੰਡੋਂ ਨਾਮਕ ਵਿਸ਼ੇਸ਼ ਫੰਡ ਦੀ ਸਥਾਪਨਾ ਕੀਤੀ ਗਈ ਹੈ, ਜਿਸ ਦਾ ਪ੍ਰਬੰਧਨ ਪੰਜਾਬ ਰਾਜ ਮੁਆਵਜ਼ਾ ਜੰਗਲੀ ਫੰਡ ਪ੍ਰਬੰਧਨ ਅਤੇ ਯੋਜਨਾ ਅਥਾਰਟੀ ਪੰਜਾਬ ਦੁਆਰਾ ਕੀਤਾ ਜਾਣਾ ਹੈ।

ਸਾਲ 2022-23 ਦੇ ਦੌਰਾਨ, ਮੇਜਰ ਹੈਡ 2406 - 04 - 103 - ਰਾਜ ਮੁਆਵਜ਼ਾ ਦੇਣ ਵਾਲੇ ਵਣਜੀਕਰਨ ਦੇ ਖਰਚੇ ਦੀ ਮੇਜਰ ਹੈਡ 8121 - 129 ਦੇ ਅਧੀਨ ਰਾਜ ਮੁਆਵਜ਼ਾ ਦੇਣ ਵਾਲੇ ਵਣਨ ਫੰਡ ਤੋਂ ₹130 ਕਰੋੜ ਦੀ ਭਰਪਾਈ ਕੀਤੀ ਗਈ ਹੈ।

ਸਾਲ 2022-23 ਦੌਰਾਨ, ਰਾਜ ਸਰਕਾਰ ਨੇ ਸਾਲ 2021-22 ਲਈ ₹ 29 ਕਰੋੜ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਕੀਤਾ ਹੈ। ਹਾਲਾਂਕਿ, ਰਾਜ ਸਰਕਾਰ ਨੇ ਫੰਡ ਵਿੱਚ ਸਾਲ 2022-23 ਲਈ ਵਿਆਜ ਜਮ੍ਹਾ ਨਹੀਂ ਕੀਤਾ। ਜਿਸ ਹੱਦ ਤੱਕ, ਮਾਲੀਆ ਖਰਚਿਆਂ ਨੂੰ ਓਵਰਸਟੇਟ ਕਿਤਾ ਗਿਆ ਹੈ।

## 6.12 ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੇ ਭਲਾਈ ਲਈ ਸੈਸ :

ਭਾਰਤ ਸਰਕਾਰ ਨੇ ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੀ ਭਲਾਈ ਲਈ ਸੈਸ ਐਕਟ, 1996 ( ਸੈਸ ਐਕਟ) ਰਾਹੀ ਸੈਸ ਲਗਾਉਣ ਲਈ ਅਤੇ ਸੈਸ ਇਕਠਾ ਕਰਕੇ ਕਾਮਿਆਂ ਦੀ ਭਲਾਈ ਲਈ ਖਰਚ ਕਰਨ ਲਈ ਲਾਗੂ ਕਿ। 31 ਮਾਰਚ 2022 ਨੂੰ ਮੁੱਖ ਮਦ 0230 ਹੇਠਾਂ ਨਾ ਤਬਦੀਲ ਕੀਤੀ ਗਈ ਰਕਮ ₹ 28 ਕਰੋੜ ਸੀ। ਸਾਲ 2022-23 ਦੋਰਾਨ ਸਰਕਾਰ ਵਲੋਂ ਮੁੱਖ ਮਦ 0230 ਹੇਠਾਂ ₹11 ਕਰੋੜ ਲੇਬਰ ਸੈਸ ਤੋਂ ਇਕਠਾ ਕੀਤਾ ਗਿਆ ਅਤੇ ਕੋਈ ਵੀ ਰਕਮ ਇਮਾਰਤ ਅਤੇ ਉਸਾਰੀ ਕਾਮਿਆਂ ਦੇ ਭਲਾਈ ਬੋਰਡ ਨੂੰ ਜਮਾ ਨਹੀ ਕਰਵਾਈ ਗਈ। ਇਸ ਤਰਾਂ ਮੁੱਖ ਮਦ 0230 ਹੇਠਾਂ ਨਾ ਜਮਾ ਕਰਵਾਈ ਗਈ ਰਕਮ ₹ 39 ਕਰੋੜ ਸੀ। ਸਾਲ ਦੋਰਾਨ ਗੈਰ ਤਬਦੀਲ ਕੀਤੀ ਗਈ ਰਕਮ ਨੇ ਮਾਲਿਆਂ ਪ੍ਰਾਪਤੀਆਂ ਨੂੰ ਓਵਰਸਟੇਟ ਕੀਤਾ ਹੈ।

## 6.13 ਰਾਜ ਸਰਕਾਰ ਦੀਆਂ ਬਜਟ ਤੋਂ ਬਾਹਰ ਦੀਆਂ ਦੇਣਦਾਰੀਆਂ :

ਰਾਜ ਸਰਕਾਰ ਨੇ ਆਪਣੇ ਬਜਟ ਦਸਤਾਵੇਜ਼ਾਂ ਸਲਾਨਾ ਵਿੱਤੀ ਸਟੇਟਮੈਂਟਾਂ ਵਿੱਚ ਆਫ-ਬਜਟ ਦੇਣਦਾਰੀਆਂ ਦਾ ਖੁਲਾਸਾ ਨਹੀਂ ਕੀਤਾ। ਔਫ-ਬਜਟ ਉਧਾਰ ਉਨਾ ਹੀ ਸਰਕਾਰ ਦੀ ਦੇਣਦਾਰੀ ਹੈ ਜਿੰਨਾ ਮੂਲ ਰੂਪ ਵਿੱਚ ਅਤੇ ਇਸੋ ਤੇ ਵਿਆਜ ਹਮ੍ਹੇਸ਼ਾ ਸਰਕਾਰੀ ਬਜਟ ਦੁਆਰਾ ਜਾਂ ਤਾਂ ਰਾਜ ਦੀ ਇਕਾਈ ਨੂੰ ਸਹਾਇਤਾ ਜਾਂ ਗ੍ਰਾਂਟ ਵਜੋਂ ਦਿੱਤਾ ਜਾਂਦਾ ਹੈ। ਰਾਜ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੇ ਅਨੁਸਾਰ, ਜਿਸਦੀ ਆਡਿਟ ਦੁਆਰਾ ਜਾਂਚ ਅਤੇ ਸੋਧ ਕੀਤੀ ਗਈ ਸੀ, 31 ਮਾਰਚ 2023 ਤੱਕ ₹3,243 ਕਰੋੜ ਦੇ ਬਜਟ ਤੋਂ ਬਾਹਰ ਦੇ ਉਧਾਰ ਸਨ, ਜਿੱਥੇ ਮੂਲ ਅਤੇ ਵਿਆਜ ਦੀ ਅਦਾਇਗੀ ਰਾਜ ਦੇ ਬਜਟ ਅਤੇਜਾਂ ਅਸਾਈਨਮੈਂਟ ਦੁਆਰਾ ਕੀਤੀ ਜਾਣੀ ਹੈ। ਰਾਜ ਮਾਲੀਆ ਦਾ ਬਜਟ ਤੋਂ ਬਾਹਰ ਉਧਾਰ ਲੈਣ ਤੋਂ ਇਲਾਵਾ, ਸਾਲ ਵਿੱਚ ਲਾਗਤ ਦੀ ਰਿਕਵਰੀ ਨਾ ਹੋਣ ਦੇ ਕਾਰਨ ₹20,200 ਕਰੋੜ ਦੀ ਪਾਵਰ ਯੂਟਿਲਿਟੀਜ਼ ਅਪ੍ਰੱਤਖ ਸਬਸਿਡੀਆਂ ਵੀ ਪ੍ਰਦਾਨ ਕੀਤੀਆਂ ਗਈਆਂ ਸਨ। ਸਰਕਾਰ ਨੇ ਮੰਗੀ ਗਈ ਗਰੰਟੀ ਦੇ ਡਿਸਚਾਰਜ ਵਿੱਚ ₹1 ਕਰੋੜ ਦਾ ਭੁਗਤਾਨ ਕੀਤਾ ਅਤੇ ₹ 12 ਕਰੋੜ ਦੀ ਮੰਗੀ ਗਈ ਗਰੰਟੀਜ਼ ਡਿਸਚਾਰਜ ਨਹੀਂ ਕੀਤਾ। ਇਹ ਵਿੱਤੀ ਸੰਤੁਲਨ ਨੂੰ ਪ੍ਰਭਾਵਿਤ ਕਰਦੇ ਹਨ। ਰਾਜ ਸਰਕਾਰ ਨੇ ਮਿਤੀ 18 ਨਵੰਬਰ 2022 ਨੂੰ ਰਾਜ ਦੁਆਰਾ ਪੁਰਾਣੀ ਪੈਨਸ਼ਨ ਸਕੀਮ (OPS) ਨੂੰ ਵਾਪਸ ਕਰਨ ਲਈ ਅਧਿਸੂਚਿਤ ਕੀਤਾ, ਜਿਸ ਵਿੱਚ ਇਹ ਦੱਸਿਆ ਗਿਆ ਸੀ ਕਿ ਨੋਟੀਫਿਕੇਸ਼ਨ ਦੇ ਅਨੁਸਾਰ ਵਿਸਤ੍ਰਿਤ ਸਕੀਮ ਅਤੇ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ ਨੂੰ ਸਮੇਂ ਸਿਰ ਸੂਚਿਤ ਕੀਤਾ ਜਾਵੇਗਾ। OPS ਲਾਗੂ ਹੋਣ ਨਾਲ ਰਾਜ ਸਰਕਾਰੋ ਤੇ ਵਾਧੂ ਵਿੱਤੀ ਪ੍ਰਭਾਵ ਪਵੇਗਾ।

© COMPTROLLER AND AUDITOR GENERAL OF INDIA
2023
www.cag.gov.in